# ਊਯਾਂ

(ਕਾਵਿ ਸੰਗ੍ਰਹਿ)

## ਏਸੇ ਕਲਮ ਤੋਂ:

1 ਸ਼ਾਲੋ (ਕਾਵਿ-ਸੰਗ੍ਰਹਿ)-2007
2 ਮਿੱਟੀ ਦੀ ਖੁਸ਼ਬੂ (ਕਾਵਿ-ਸੰਗ੍ਰਹਿ)-2013
3 ਸ਼ੇਰਨੀਆਂ (ਕਾਵਿ-ਸੰਗ੍ਰਹਿ)-2015
4 ਸਾਂਝੀਆਂ ਸੁਰਾਂ (ਸਾਂਝਾ ਕਾਵਿ-ਸੰਗ੍ਰਹਿ)-2016
5 ਲੁਬਾਣਾ ਬਰਾਦਰੀ ਦੇ ਅਨਮੋਲ ਰਤਨ-ਇਕ ਇਤਿਹਾਸਕ ਵਿਸ਼ਲੇਸ਼ਣ (ਛਪਾਈ ਅਧੀਨ)

# ਨੂੰਹਾਂ

ਰਾਮ ਲਾਲ ਭਗਤ

ਸਾਹਿਬਦੀਪ ਪ੍ਰਕਾਸ਼ਨ
ਭੀਖੀ (ਮਾਨਸਾ) ਪੰਜਾਬ-151504

An unique collection of Punjabi poetry special including folk culture, social awakening and political rights for Indian weaker women.

**Noohan**

by

**Ram Lal Bhagat**
Home :
V.P.O Miani, Ward No. 6, Near PHC
Teshil Dasuya, Block Tanda
Distt.Hoshiarpur, Punjab, India-144202
Email: rlbhagat65@yahoo.com
Phone: 01886-246264, 98550-02264
Office :
Lecturer Of History
M.A ( History and Pol. Science ) B.Ed.
Govt. Sen. Sec. School, Chak Bamu
Distt.Hoshiarpur, Punjab-144202

Composer:
Param Ramgarhia, Bathinda
Mob:94171-72832
Editor: Satya Bhagat, S.S Mistress
Helper: Andy Bhagat, Sandy Bhagat
**ISBN:**978-93-84717-17-9

© (2017)

Hardbond
Printed & Bound in India

SAHIBDEEP PUBLICATOIN,
BHIKHI (MANSA)-INDIA-151504
Mob.099889-13155, 075086-75501
Email-sahibdeep2013@gmail.com
**www.sahibdeeppublication.com**

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.

# ਸਮਰਪਿਤ

ਭਗਤ ਕਬੀਰ ਸਭਾ ਅਤੇ ਦੁਆਬਾ ਸਾਹਿਤ ਸਭਾ, ਵੱਡੀ ਮਿਆਣੀ ਅਫ਼ਗਾਨਾ, ਜਿਲ੍ਹਾ ਹੁਸ਼ਿਆਰਪੁਰ ਵੱਲੋਂ ਇਹ ਚੌਥਾ ਪੰਜਾਬੀ ਕਾਵਿ-ਸੰਗ੍ਰਹਿ 'ਨੂੰਹਾਂ' ਭਾਰਤ ਦੀਆਂ ਉਨ੍ਹਾਂ ਭੋਲੀਆਂ, ਅਨਪੜ੍ਹ, ਗ਼ਰੀਬ, ਲਾਚਾਰ, ਡਰਪੋਕ ਅਤੇ ਅੰਧ-ਵਿਸ਼ਵਾਸੀ ਕੁੜੀਆਂ ਅਤੇ ਔਰਤਾਂ ਜੋ ਝੁੱਗੀਆਂ-ਝੌਂਪੜੀਆਂ, ਢਾਰਿਆਂ, ਭੱਠਿਆਂ, ਖੇਤਾਂ, ਹਵੇਲੀਆਂ, ਫੈਕਟਰੀਆਂ ਅਤੇ ਘਰਾਂ ਦੀ ਚਾਰ ਦੀਵਾਰੀ ਅੰਦਰ ਅਜ਼ਾਦ ਹੁੰਦੇ ਹੋਏ ਵੀ ਗੁਲਾਮਾਂ ਵਰਗੀ ਜ਼ਿੰਦਗੀ ਕੱਟ ਰਹੀਆਂ ਹਨ। ਕੁਝ ਧੀਆਂ ਦੂਸਰੇ ਘਰ ਨੂੰਹਾਂ ਬਣ ਦਾਜ, ਮਿਹਣੇ, ਬਲਾਤਕਾਰ ਅਤੇ ਤਸ਼ੱਦਦ ਸਹਾਰ ਰਹੀਆਂ ਹਨ। ਉਨ੍ਹਾਂ ਲਈ ਧੰਨਵਾਦ ਸਹਿਤ ਜੋਸ਼ ਅਤੇ ਚੇਤਨਾ ਭਰੀ ਭੇਂਟ ਹੈ।

# ਤਰਤੀਬ

ਰਾਮ ਲਾਲ ਭਗਤ: ਇਕ ਮੰਤਵਮੁਖੀ ਨਾਰੀਵਾਦੀ ਕਵੀ/8
ਲੇਖਕ ਵੱਲੋਂ/12
ਆਰਤੀ/15
ਤ੍ਰਿਲੋਕੀ/16
ਤਿੱਤਲੀਆਂ ਦੀ ਬਗਾਵਤ/18
ਸੋਚ/19
ਜਾਗੋ/20
ਸੱਤ ਘੁੱਟ ਪਾਣੀ/21
ਤੋਹਫ਼ਾ/23
ਸਨਮਾਨ ਕਰੋ/24
ਇਜ਼ਹਾਰ/25
ਜੋਗੀ/27
ਨੂੰਹਾਂ/28
ਨੂਰੀ/29
ਅਭਾਗੀ ਲੂਣਾ/30
ਮਿੱਟੀ ਦੇ ਚੋਰ/31
ਇਕ ਦਰਦ ਕਹਾਣੀ/32
ਸੂਈ/33
ਮਹਿੰਗਾਈ/34
ਇਕ ਭਰੂਣ/35
ਲਾਸ਼/36
ਪ੍ਰਦੂਸ਼ਿਤ ਸ਼ਹਿਰ/37
ਵੇ ਰਾਜਿਆ/38
ਫਾਈਲਾਂ/39
ਜਲ ਦਾ ਸੰਕਟ/40
ਪੰਜਾਬਣ ਜੱਟੀ/41
ਕੁੜੀਓ/42
ਨਸ਼ਿਆਂ ਦੀ ਬਸਤੀ/43
ਤੇਰਾ ਸ਼ਹਿਰ/44
ਇੱਕ ਬੱਚਾ/45

ਵਸੇਬਾ/46
ਸਾਵਣ ਆਇਆ/47
ਵਣਜ਼/48
ਲਾਲ ਬੱਤੀ/49
ਸੈਂਸਰ/50
ਹੋਸ਼ ਕਰੋ/51
ਦੁਨੀਆਂ ਵਾਲਿਓ/52
ਨੇਤਰਦਾਨ/53
ਗਾਓ ਨੀ ਕੁੜੀਓ/54
ਨੀ ਅੰਮੜੀਏ/55
ਨਕਲੀ ਵਸੀਹਤਾਂ/56
ਕਾਕਾ/57
ਜੰਗ/58
ਹੁਬਕਾਂ/59
ਤਲਾਕ/60
ਵਣਜਾਰਾ/61
ਸੋਨੇ ਦਾ ਕੈਂਠਾ/62
ਸੱਸਾਂ-ਨੂੰਹਾਂ ਦੀ ਕਹਾਣੀ/64
ਰਾਤ ਦੀ ਬਰਾਤ/65
ਲੋਰੀ/67
ਹਾਣੀਆ/68
ਥੱਪੜ ਦੀ ਗੂੰਜ/69
ਨਵੀਂ ਜੰਗ/70
ਬੇਬੇ ਦਾ ਘੋਟਣਾ/71
ਕਾਮ/73
ਬੋਲੀਆਂ/74
ਨੀ ਕੁੜੀਏ/75
ਰਾਂਝਾ/76
ਰੁੱਖ/77
ਲਾਸ਼/78
ਜਾਂਬਾਜ਼ ਚਿੜੀਆਂ/79
ਫੁਲਕਾਰੀ/80
ਬਾਬੇ/81
ਕਟਾਰ/82
ਜਨਾਜ਼ਾ/83
ਖਾਹਿਸ਼/84
ਖ਼ੁਦਕਸ਼ੀ/85
ਬੰਧਨਾ/86
ਲਾਹਨਤਾਂ/87
ਟੱਪੇ/88
ਗੰਨੇ ਦਾ ਰਸ/89
ਨਸੀਅਤ/90
ਮੈਂ ਕੁੜੀ ਪਾਕਿਸਤਾਨ ਦੀ/91
ਬੇਟੀ/92
ਚਰਖਾ/93
ਸਿਫਤਾਂ/94
ਸੁਲ਼ਗਦੇ ਹਰਫ਼/95

# ਰਾਮ ਲਾਲ ਭਗਤ: ਇਕ ਮੰਤਵ-ਮੁਖੀ ਨਾਰੀਵਾਦੀ ਕਵੀ

ਰਾਮ ਲਾਲ ਭਗਤ ਪੰਜਾਬੀ ਸਾਹਿਤ ਅਤੇ ਮੁੱਖ ਪੌਥੀ ਪਰਿਵਾਰ ਦਾ ਇਕ ਅਹਿਮ ਤੇ ਸਰਗਰਮ ਕਾਰਕੁਨ ਹੈ ਜੋ ਬਿਨ੍ਹਾਂ ਨਾਗਾ ਪੂਰੀ ਵਚਨ ਬੱਧਤਾ ਨਾਲ ਆਪਣੀ ਹਾਜ਼ਰੀ ਲੁਆਉਂਦਾ ਹੈ। ਐਸੀ ਹੀ ਵਚਨ ਬੱਧਤਾ ਉਸਦੀ ਨਾਰੀਵਾਦ ਅਤੇ ਨਾਰੀਵਾਦੀ ਕਵਿਤਾ ਵਿਚ ਵੀ ਹੈ। ਸਦਾ ਆਪਣੀਆਂ ਕਵਿਤਾਵਾਂ ਵਿਚ ਧੀਆਂ ਦੇ ਬਲਾਤਕਾਰ, ਦਾਜ ਦੇ ਵਪਾਰੀਆਂ, ਤੇਜ਼ਾਬੀ ਦਰਿੰਦੇ, ਭਰੂਣ-ਹੱਤਿਆ, ਜਿਸਮੀ ਧੰਦੇ, ਪ੍ਰਵਾਸ਼ੀਆਂ ਦੀ ਧੱਕੇਸ਼ਾਹੀ, ਨਸ਼ੇ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਦੇ ਵਿਰੁੱਧ ਮੁਖ਼ਾਲਫਤ ਕਰਦਾ ਨਜ਼ਰ ਆਉਂਦਾ ਹੈ। ਉਹ ਆਪਣੇ ਆਪ ਨੂੰ ਇਕ ਪ੍ਰਮੁੱਖ ਨਾਰੀਵਾਦੀ ਕਵੀ ਘੋਸ਼ਿਤ ਕਰਦਾ ਹੈ।

ਇਥੇ ਨਾਰੀਵਾਦ ਸ਼ਬਦ ਦੇ ਅਦਿ, ਵਿਕਾਸ ਅਤੇ ਪਰਿਭਾਸ਼ਾ ਬਾਰੇ ਗੱਲ ਕਰਨੀ ਉਚਿੱਤ ਹੋਵੇਗੀ। 'ਨਾਰੀਵਾਦ' ਸ਼ਬਦ ਫਰਾਂਸ਼ ਦੇ ਸਮਾਜਵਾਦੀ ਦਰਸ਼ਨ ਵੇਤਾ ਅਤੇ ਚਿੰਤਕ ਫੋਈਏ (Charles Fourier)1837 ਵਿਚ ਘੜਿਆ ਦੱਸਿਆਂ ਜਾਂਦਾ ਹੈ। ਇਸ ਤੋਂ ਬਆਦ ਇਸ ਸ਼ਬਦ ਦੀ ਵਰਤੋਂ ਨੀਦਰਲੈਂਡ ਵਿਚ 1872, ਇੰਗਲੈਂਡ ਵਿਚ 1890 ਤੇ ਅਮਰੀਕਾ ਵਿਚ 1910 ਵਿਚ ਕੀਤੀ ਗਈ।ਆਕਸਫੋਰਡ ਡਿਕਸ਼ਨਰੀ ਅਨੁਸਾਰ 1852 ਤੋਂ ਇਸ ਸ਼ਬਦ\ਟਰਮ ਦੀ ਵਰਤੋਂ ਅਰੰਭ ਹੋਈ। ਨਾਰੀਵਾਦੀ ਨਾਲ ਕਈ ਰਾਜਨੀਤਕ, ਸਿਧਾਂਤਵਾਦੀ ਅਤੇ ਸਮਾਜਿਕ ਲਹਿਰਾਂ ਜੁੜੀਆਂ ਹੋਈਆਂ ਹਨ। ਯਾਦ ਰਹੇ ਕਿ ਇਸਤਰੀ ਨੂੰ ਵੋਟ ਪਾਉਣ ਦਾ ਅਧਿਕਾਰ ਡੈਨਮਾਰਕ ਵਿਚ 1915, ਇਗਲੈਂਡ ਵਿਚ 1918, ਹਲੈਂਡ\ ਨੀਦਰਲੈਂਡ ਵਿਚ 1919 ਅਤੇ ਕੈਨੇਡਾ ਵਿਚ 1918 ਨੂੰ ਮਿਲਿਆ ਸੀ। ਇਨ੍ਹਾਂ ਵਿਚੋਂ ਨਾਰੀ ਲਈ ਕੁਝ ਅਧਿਕਾਰ ਹੇਠ ਲਿਖੇ ਹਨ: 1) ਇਕੋ ਜਿਹੇ ਕੰਮ ਕਰਨ ਨਾਲ ਇਕੋ ਜਿੰਨੀ ਤਨਖਾਹ\ਵੇਤਨ 2) ਮਰਦ ਨਾਲ ਹਰ ਨੌਕਰੀ ਲਈ ਬਰਾਬਰ ਅਧਿਕਾਰ 3) ਸਿੱਖਿਆ ਅਤੇ ਰੁਜ਼ਗਾਰ ਦੇ ਸਾਧਨਾ ਲਈ ਇਕੋ ਜਿਹੇ ਅਵਸਰ 4) ਜਣੇਪੇ ਦੀ ਛੁੱਟੀ 5) ਜਾਇਦਾਦ ਉੱਤੇ ਇਕੋ ਜਿਹਾ ਹੱਕ 6)

ਸਵੈ-ਨਿਰਭਰਤਾ, ਸੁਤੰਤਰਤਾ ਅਤੇ ਬਰਾਬਰ ਦੇ ਸਤਿਕਾਰ ਦੇ ਅਧਿਕਾਰ। ਰਾਮ ਲਾਲ ਭਗਤ ਨੇ ਉਪਰੋਕਤ ਸੂਚੀ ਵਿਚ ਦਿਤੇ ਕੁਝ ਅਧਿਕਾਰਾਂ ਅਤੇ ਉਨ੍ਹਾਂ ਦੇ ਲਈ ਜੱਦੋ ਜਹਿਦ ਬਾਰੇ ਆਪਣੀਆਂ ਪਹਿਲੀਆਂ ਪੁਸਤਕਾਂ ਸ਼ਾਲੋ ਅਤੇ ਸ਼ੇਰਨੀਆਂ ਆਦਿ ਵਿਚ ਤੋਰੀ ਗੱਲ ਨੂੰ 'ਨੂੰਹਾਂ' ਵਿਚ ਵੀ ਜਾਰੀ ਰੱਖਿਆ ਹੈ। ਭਗਤ ਦੀ ਕਵਿਤਾ ਮੰਤਵ-ਮੁਖੀ ਤੇ ਅਰਥ ਪੂਰਨ ਹੈ। ਇਸ ਵਿਚ ਬਿੰਬਾਂ, ਚਿੰਨ੍ਹਾਂ, ਅਲੰਕਾਰਾਂ ਅਤੇ ਪ੍ਰਤੀਕਾਂ ਦੀ ਭਰਮਾਰ ਨਹੀਂ ਹੁੰਦੀ। ਭਗਤ ਵੱਲੋਂ ਕੀਤੀ ਸ਼ਬਦਾਂ ਦੀ ਉਦੇਸ਼ਮਈ ਅਤੇ ਅਰਥ ਪੂਰਨ ਚੋਣ ਹੀ ਉਸਦੀ ਕਵਿਤਾ ਦਾ ਸਹਿਜ-ਸੁਹਜ ਬਣ ਜਾਂਦੀ ਹੈ। ਸਮਾਜਿਕ

ਸਮੱਸਿਆਵਾਂ ਅਤੇ ਉਨ੍ਹਾਂ ਦੇ ਸਮਾਧਾਨ ਬਾਰੇ ਉਹ ਅਕਸਰ ਉੱਚੇ ਸੁਰਾਂ ਵਿਚ ਬੋਲਦਾ ਹੈ, ਜਿਵੇਂ ਹੋਕਾ ਦੇ ਕੇ ਆਲਮ ਨੂੰ ਜਗਾ ਰਿਹਾ ਹੋਵੇ।

ਸੁਕਰਾਤ ਦੇ ਜ਼ਹਿਰ ਦੀ
ਇਕ ਬੂੰਦ
ਸੁਫ਼ਨੇ 'ਚ ਬੋਲੀ
ਤੇਰੀ ਕਵਿਤਾ ਦਾ
ਸ਼ਬਦ-ਸ਼ਬਦ
ਸੈਂਸਰ ਹੋ ਰਿਹਾ ਹੈ
ਫਿਰ ਵੀ ਲਿਖਦਾ ਏ
ਅਬਲਾ ਤੇ ਬੇਵਸ
ਔਰਤਾਂ ਲਈ
ਤੇਰੀ ਖੱਲੜੀ ਨੂੰ
ਮੌਤ ਦਾ
ਡਰ ਨਹੀਂ ਲਗਦਾ ?
ਮੈਂ ਸਹਿਜੇ ਹੀ ਕਿਹਾ
'ਮੇਰਾ ਵਾਅਦਾ ਹੈ
ਨਾਰੀਵਾਦ ਦੀ
ਸ਼ਕਤੀ ਲਈ
ਅਰਥੀ ਤੀਕ ਲੜਾਂਗਾ' (ਸੈਂਸਰ)

ਭਗਤ ਦੁਨੀਆਂ ਦੀ ਹਨੇਰੇ ਬੈਠੀ ਹਰ ਰੂਹ ਨੂੰ ਚਾਨਣ ਦੇਣ ਲਈ ਲੋਚਦਾ ਹੈ। ਇਕ ਸੰਘਰਸ਼-ਸ਼ੀਲ ਚਿੰਤਕ ਹੋਣ ਦਾ ਦਾਅਵਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ:

ਮੈਂ ਸ਼ਾਇਰ ਨਹੀਂ
ਚਿੰਤਕ ਹਾਂ
ਚਿੰਤਨ ਕਰਦਾ ਹਾਂ
ਦਿਨ ਰਾਤ
ਸ਼ਬਦੀ ਤਾਣਾ ਬੁਣਦਾ ਹਾਂ
ਰੂਹ ਦੇ ਚਾਨਣ ਨਾਲ (ਤ੍ਰਿਲੋਕੀ)

ਭਗਤ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਭਾਰਤ ਦੀਆਂ ਕੁੜੀਆਂ ਦੇ ਦੁੱਖ-ਸੁੱਖ ਨਾਲ਼ ਖੜਦੀਆਂ ਨਜ਼ਰ ਆਉਂਦੀਆਂ ਹਨ। ਹੁਣ ਧੀਆਂ-ਨੂੰਹਾਂ ਬਾਰੇ ਉਹ ਹੇਠ ਲਿਖੇ ਸ਼ਬਦ ਉਚੇਚੀ ਪੇਖਣੀ ਮੰਗਦੇ ਹਨ :

ਧੀਆਂ ਨੂੰ ਮੋਈਆਂ ਤਿੱਤਲੀਆਂ ਸੀ ਕਹਿੰਦੇ,
ਸ਼ੇਰਨੀਆਂ ਬਣਾ ਕੇ ਜਸ਼ਨ ਮਨਾਇਆ ਹੈ।
ਸ਼ਿਵ ਦੇਖ ਤੇਰੇ ਆਟੇ ਦੀਆਂ ਚਿੜੀਆਂ ਨੇ,
ਖ਼ੂਨੀ ਬਾਜ਼ਾਂ ਲਈ ਕਫ਼ਨ ਸਿਲਾਇਆ ਹੈ। (ਤਿੱਤਲੀਆਂ ਦੀ ਬਗ਼ਾਵਤ)

ਭਗਤ ਹੱਥਲੀ ਪੁਸਤਕ 'ਨੂੰਹਾਂ' ਵਿਚ ਬਹੁਤ ਵਾਰੀ ਨੂੰਹ-ਸੱਸ ਦੇ ਰਿਸ਼ਤੇ ਨੂੰ ਪੰਜਾਬੀ ਸਭਿਆਚਾਰ ਦੇ ਲੋਕ ਗੀਤਾਂ ਵਰਗੀਆਂ ਕਵਿਤਾਂਵਾਂ ਅਤੇ ਗੀਤਾਂ ਨੂੰ ਬਾਖ਼ੂਬੀ ਚਿਤਰਨ ਕਰਦੀ ਹੈ। ਇਨਸਾਨੀ ਰਿਸ਼ਤਿਆਂ ਵਿਚ ਮੋਹ, ਜਜ਼ਬਾਤ, ਪ੍ਰੀਤ ਅਤੇ ਲਗਨ ਦੇ ਬਿੰਬ ਬਣਾ ਕੇ ਅਸਲੀਅਤ ਨੂੰ  ਅਧੁਨਿਕ ਜ਼ਿੰਦਗੀ ਨਾਲ ਜੋੜਨ ਦੀ ਕੋਸ਼ਿਸ ਕਰਦੀ ਹੈ। ਕਵਿਤਾ ਸੱਤ ਘੁੱਟ ਪਾਣੀ, ਬੇਬੇ ਦਾ ਘੋਟਨਾ ਅਤੇ ਰਾਤ ਦੀ ਬਰਾਤ ਗਵਾਹ ਹਨ। ਉਸਦੇ ਮੰਤਵ-ਮੁਖੀ ਸ਼ਬਦ ਨੂੰਹਾਂ, ਧੀਆਂ, ਭੈਣਾਂ ਅਤੇ ਮਾਵਾਂ ਨੂੰ ਇਕ ਜੋਸ਼ ਭਰੀਆਂ ਬਾਤਾਂ ਪਾਉਂਦੇ ਹਨ :

ਇਹ ਗੂੰਗੇ ਸ਼ਬਦ, ਲੋਕੋ ਇਕ ਦਿਨ ਗਰਜ਼ਣਗੇ
ਇੱਕ ਹੋਰ ਨਵੀ ਕ੍ਾਂਤੀ, ਇਕ ਦਿਨ ਸਿਰਜਣਗੇ।
ਇਹ ਕਲਯੁਗੀ ਸੁਦਰਸ਼ਨ ਚਲਾਏਗਾ ਕ੍ਰਿਸ਼ਨ
ਦਾਮਨੀ ਦੇ ਕਾਤਲ, ਗਰਜ ਨਾਲ ਸੜ ਜਾਣਗੇ। (ਸ਼ਬਦ)

ਭਗਤ ਸਾਹਿਬ ਸਮਾਜ ਦਾ ਕੂੜਾ ਕਰਕਟ ਦੇਖ ਕੇ ਮਨੋ ਦੁੱਖੀ ਲਗਦੇ ਹਨ। ਇਸੇ ਕਰਕੇ ਕਵਿਤਾ ਪ੍ਰਦੂਸ਼ਿਤ ਸ਼ਹਿਰ, ਲਾਲਬੱਤੀ, ਰੁੱਖ, ਮਹਿਗਾਈ, ਪਾਣੀ, ਨੇਤਰਦਾਨ, ਤੇਜ਼ਾਬ, ਧੀਆਂ, ਇਕ ਬੱਚਾ, ਬੇਟੀ ਅਦਿ ਲਿਖਦੇ ਹੈ :

ਇਕ ਪੰਛੀ ਬੋਲਦਾ ਡਾਲ 'ਤੇ
ਪ੍ਰਦੂਸ਼ਿਤ ਸ਼ਹਿਰ ਤੇਰਾ ਹੈ।
ਇਹ ਧੂੰਆਂ ਮਰਸੀਆ ਲਿਖੇ
ਪਾਣੀ ਦਾ ਵੀ ਰੋਗ ਵਡੇਰਾ ਹੈ।
ਸਮਾਰਟ ਸ਼ਹਿਰ ਰੌਲ਼ਾ-ਗੌਲ਼ਾ
ਇਹ ਰਾਜਨੀਤੀ ਦਾ ਘੇਰਾ ਹੈ। (ਪ੍ਰਦੂਸ਼ਿਤ ਸ਼ਹਿਰ)

ਨੂੰਹ-ਸੱਸ ਦਾ ਰਿਸ਼ਤਾ ਉੱਤਮ ਹੈ
ਕਹੇ ਬਾਈਬਲ,ਗੀਤਾ, ਗ੍ਰੰਥ, ਕੁਰਾਨ।
ਅੱਜ ਨਸੀਅਤ ਲੈਣ ਜੋ ਧੀਆਂ ਜੀ
ਕਲ ਉਸਤਤ ਕਰੂ ਕੁਲ ਜਹਾਨ। (ਨਸੀਅਤ)

ਅੰਬਰੀ ਬੋਲੇ ਧਰੂ ਤਾਰਾ
ਸੱਸਾਂ ਦਾ ਮਾਣ ਕਰੀਏ
ਕੇਸਰ ਪਾਊ ਜੱਗ ਸਾਰਾ। (ਟੱਪੇ)

ਰਾਮ ਲਾਲ ਭਗਤ ਇਕ ਚਿੰਤਨਸ਼ੀਲ ਕਵੀ ਹੈ। ਯਕੀਨਣ ਉਹ ਸਦਾ ਹੀ ਔਰਤਾਂ ਦੇ ਅਧਿਕਾਰਾਂ, ਸਮਾਜਿਕ ਪਰਿਵਰਤਨ, ਰਾਜਨੀਤਕ ਚੇਤਨਾ, ਪੰਜਾਬੀ ਸਭਿਆਚਾਰ ਅਤੇ ਸਾਹਿਤ ਦਾ ਝੰਡਾ ਬਰਦਾਰ ਬਣਿਆ ਰਹੇਗਾ। ਮੈਂ ਉਸਦੀ ਨਵੀਂ ਕਾਵਿ ਪੁਸਤਕ 'ਨੂੰਹਾਂ' ਦਾ ਪੰਜਾਬੀ ਸਾਹਿਤ ਜਗਤ ਵਿਚ ਸਵਾਗਤ ਕਰਦਾ ਹਾਂ।

**-ਰਵਿੰਦਰ ਰਵੀ**

116-3530KalumStreet,Terrace

VG 2P2, British
Columbia,Canada

1250-635-4455

# ਲੇਖਕ ਵੱਲੋਂ

ਕੁਲ ਦੁਨੀਆਂ ਦੇ ਪਾਵਨ ਗ੍ਰੰਥ 'ਸ੍ਰੀ ਗੁਰੁ ਗ੍ਰੰਥ ਸਾਹਿਬ ਜੀ' ਵਿਚ ਪਹਿਲੇ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਬਣਕੇ ਸਮਾਜ ਨੂੰ ਲਲਕਾਰ ਦੇ ਹਨ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।' ਮਹਾਨ ਲੇਖਕ ਕਰਟਿਸ ਵੀ ਕਹਿੰਦੇ ਹਨ ਕਿ ਇਸਤਰੀ ਦੇ ਸਨਮਾਨ ਨਾਲ ਹੀ ਸੱਭਿਅਤਾ ਦੀ ਪਛਾਣ ਹੁੰਦੀ ਹੈ। ਔਰਤ ਤੋਂ ਬਗੈਰ ਇਕ ਪਰਿਵਾਰ, ਸਮਾਜ, ਕੌਮ ਅਤੇ ਦੇਸ਼ ਦੀ ਕਲਪਨਾ ਵੀ ਨਹੀਂ ਕਰ ਸਕਦੇ। ਅਸਾਂ ਨੂੰ ਸਭ ਨੂੰ ਇਹ ਮੰਨਣਾ ਪਵੇਗਾ ਕਿ ਔਰਤ ਘਰ ਦਾ ਸਿੰਗਾਰ ਹੈ, ਸਮਾਜ ਦੀ ਰੂਹ ਹੈ ਅਤੇ ਦੇਸ਼ ਦਾ ਸਰਮਾਇਆ ਹੈ। ਕੁਦਰਤੀ ਵਿਡੰਮਨਾ ਹੈ ਕਿ ਧੀਆਂ ਨੇ ਦੂਸਰੇ ਘਰ ਨੂੰਹਾਂ ਬਣਕੇ ਜਾਣਾ ਹੀ ਹੈ। ਇਹ ਇਤਿਹਾਸ ਗਵਾਹ ਹੈ ਕਿ ਧੀਆਂ ਨੂੰ ਰਾਜੇ ਮਹਾਂਰਾਜਿਆਂ ਨੇ ਵੀ ਦੁਖੀ ਹਿਰਦੇ ਨਾਲ ਅਲਵਿਦਾ ਕੀਤਾ ਹੈ। ਨੂੰਹਾਂ ਨੂਰੀ ਮੂਰਤੀਆਂ ਬਣਕੇ ਧਰਤੀ ਦੀ ਹਿੱਕ ਤੇ ਮਧੁਰ ਸੰਗੀਤ ਅਲਾਪਦੀਆਂ ਹਨ ਜਿਸਦੀਆਂ ਤਰੰਗਾਂ ਸਾਰੇ ਆਲਮ ਨੂੰ ਰੋਸ਼ਨ ਕਰਕੇ ਇਕ ਨਵੇਂ ਯੁਗ ਦਾ ਅਰੰਭ ਕਰਦੀਆਂ ਹਨ।

ਆਦਮ ਦੀ ਨਗਰੀ ਵਿਚ ਹਰ ਨੌਜਵਾਨ ਕੁੜੀ ਲਾਲ ਸੂਹੇ ਸਾਲੂ ਵਿਚ ਨੂੰਹ ਬਣਨੀ ਲੋਚਦੀ ਹੈ। ਦੁਨੀਆਂ ਦੀਆਂ ਸਾਰੀਆਂ ਨੂੰਹਾਂ ਕਹਿਕਸ਼ਾਂ 'ਚ ਤਾਰਿਆਂ ਵਾਂਗ ਟਹਿਕਦੀਆਂ ਦਿੱਸਦੀਆ ਹਨ। ਹਰ ਘਰ ਨੂੰ ਸੁੰਦਰ ਬਗੀਚੀ ਬਣਾ ਕੇ ਮਹਿਕਾਂ ਬਿਖੇਦਰੀਆਂ ਹਨ। ਇਕ ਮਾਂ ਦੇ ਰੂਪ ਵਿਚ ਪੁੱਤ, ਪੋਤਰੇ, ਪੋਤਰੀਆਂ, ਦੋਹਤਰੇ, ਦੋਹਤਰੀਆਂ ਦੇ ਕੀਮਤੀ ਤੋਹਫ਼ਿਆਂ ਨਾਲ ਵੰਸ਼ ਨੂੰ ਪਰਫੁੱਲਤ ਕਰਦੀਆਂ ਹਨ। ਇਹ ਨੂੰਹਾਂ ਕੀਮਤੀ ਪਾਰਸ ਬਣਕੇ ਖਾਨਦਾਨੀ ਦੀ ਰਖਵਾਲੀ ਕਰਦੀਆਂ ਹਨ। ਜ਼ਿੰਦਗੀ ਦੇ ਹਰ ਮੋੜ ਤੇ ਮੋਢੇ ਨਾਲ ਮੋਢਾ ਜੋੜਕੇ ਪ੍ਰਵਾਰਿਕ ਦੁੱਖਾਂ ਦਾ ਹਿੱਸਾ ਬਣਦੀਆਂ ਹਨ। ਦੁੱਖਾਂ ਨੂੰ ਸਹਿ ਕੇ ਵਾਰਸਾਂ ਲਈ ਜਾਇਦਾਦ ਤਾਂ, ਹੀਰੇ-ਮੋਤੀ, ਮਹੱਲਾਂ ਦਾ ਨਿਰਮਾਣ ਕਰਦੀਆਂ ਹਨ। ਸੋ ਇਹ ਜ਼ਨਣੀਆਂ ਦਾ ਕਰਜ਼ ਅਗਲੇ ਜਨਮਾਂ 'ਚ ਵੀ ਨਹੀਂ ਉਤਾਰ ਸਕਦੇ। ਸ਼ਾਲਾ! ਭਾਰਤ ਦੀ ਹਰ ਨੂੰਹ ਯੁਗ-ਯੁਗ ਜਵਾਨੀ ਮਾਣੇ! ਬੁੱਢ ਸੁਹਾਗਣ ਹੋਵੇ! ਦੁਨੀਆਂ ਦੀ ਹਰ ਦੌਲਤ-ਸ਼ੌਹਰਤ ਪ੍ਰਾਪਤ ਹੋਵੇ!

ਸਾਡੇ ਭਾਰਤੀ ਸਮਾਜ ਅਤੇ ਸਭਿਆਚਾਰ ਵਿਚ ਨੂੰਹਾਂ ਦੀ ਆਮਦ ਨੂੰ ਘਰ ਦੀਆਂ ਲੱਛਮੀਆਂ ਸਮਝਇਆ ਜਾਂਦਾ ਹੈ। ਨੂੰਹ-ਸੱਸ ਦਾ ਰਿਸ਼ਤਾ ਸਾਡੇ ਸਭਿਆਚਾਰ ਵਿੱਚ ਮੋਹ ਅਤੇ ਪਿਆਰ ਨਾਲ ਗਰੁੱਚ ਹੈ। ਅੱਜ ਸਮਾਜ ਦੀਆਂ ਕਦਰਾਂ ਕੀਮਤਾਂ, ਅਰਥ ਚਾਰਾ, ਰਹਿਣ-ਸਹਿਣ ਤੇ ਬੋਲਚਾਲ ਦਾ ਤਰੀਕਾ ਬਦਲ ਚੁੱਕਾ ਹੈ। ਧੀਆਂ ਅਤੇ ਨੂੰਹਾਂ ਸਮੇਂ ਦੀਆਂ ਹਾਣੀ ਬਣਕੇ ਨੌਕਰੀ, ਬਿਜ਼ਨਸ ਅਤੇ ਘਰ-ਬਾਹਰ ਸੰਭਾਲ ਰਹੀਆਂ ਹਨ। ਭਾਵੇਂ ਕਈ ਵਾਰ ਹਨੇਰੇ ਯੁੱਗ ਦੀਆਂ ਸੱਸਾਂ ਦੀ ਵਿਚਾਰਧਾਰਾ ਕੰਪਿਊਟਰ ਯੁੱਗ ਦੀਆਂ ਨੂੰਹਾਂ ਨਾਲ ਮੇਲ ਨਹੀਂ ਖਾਂਦੀ ਜਾਪਦੀ ਫਿਰ ਵੀ ਸਮਾਜਿਕ ਤਾਣੇ-

ਬਾਣੇ ਨੂੰ ਸਮੇਟਦਾ ਇਹ ਰਿਸ਼ਤਾ ਅਟੁੱਟ ਅਤੇ ਅਮਰ ਹੈ। ਦੋਸਤੋ ਇਸ ਪੁਸਤਕ ਰਾਹੀ ਕੁੜੀਆਂ ਅਤੇ ਨੂੰਹਾਂ ਵਿਚ ਮਨੋ- ਵਿਗਿਆਨਕ ਤੌਰ ’ਤੇ ਜੋਸ਼, ਚੇਤਨਾ, ਵਿਸ਼ਵਾਸ਼, ਊਰਜਾ, ਨਵੀਨਤਾ, ਜਾਗ੍ਰਤੀ, ਤਾਕਤ, ਨਿਰਭੈ ਅਤੇ ਚਿੰਤਨ ਭਰਨ ਦੀ ਦਾਸ ਨੇ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

ਅਜੋਕੇ ਸਮਾਜ ਵਿਚ ਕੰਨਿਆ ਭਰੂਣ ਦਾ ਸ਼ਰੇਆਮ ਕਤਲ, ਅੱਗ ’ਚ ਸਾੜਣਾ, ਕਰੰਟ ਲਗਾਉਣਾ, ਚਿਹਰੇ ’ਤੇ ਤੇਜ਼ਾਬ ਸੁੱਟ ਕੇ ਕਰੂਪ ਕਰਨਾ, ਗਲਾ ਘੁੱਟ ਕੇ ਮਾਰਨਾ ਆਮ ਗੱਲ ਹੈ। ਅਫ਼ਸੋਸ ! ਇਹਨ੍ਹਾਂ ਵਿਚੋਂ ਕਈ ਧੀਆਂ ਸਹੁਰੇ ਘਰ ਜਾ ਕੇ ਨਰਕ ਵਰਗੀ ਜ਼ਿੰਦਗੀ ਭੋਗ ਰਹੀਆਂ ਹਨ। ਕੁੜੀਆਂ ਸੰਸਾਰ ਰੂਪੀ ਬਾਗ ਵਿਚ ਇਕ ਸੁੰਦਰ ਫੁੱਲ ਹਨ ਪ੍ਰੰਤੂ ਅਸੀਂ ਸਾਰੇ ਸਦੀਆਂ ਤੋਂ ਸੁਣਦੇ ਆ ਰਹੇ ਹਾਂ ਕਿ ਕੁੜੀਆਂ ਤਾਂ ਚੰਬੇ ਦੀਆਂ ਚਿੜੀਆਂ ਨੇ, ਵਿਚਾਰੀਆਂ ਕੂੰਜ਼ਾਂ ਨੇ, ਇਹ ਭੋਲੀਆਂ ਗਊਆਂ ਨੇ, ਜਿਊਂਦੀਆਂ ਲੋਥਾਂ ਨੇ, ਆਟੇ ਦੀਆਂ ਚਿੜੀਆਂ ਨੇ ਜਾਂ ਫਿਰ ਸੰਦੂਕ ਦੀਆਂ ਕੁੰਜੀਆਂ ਨੇ। ਇਹ ਸਭ ਅਗਿਆਨਤਾ ਅਤੇ ਹੰਕਾਰ ਨਾਲ ਭਰੀ ਸੋਚ ਸੀ ਜਿਸਨੇ ਔਰਤ ਦੇ ਆਤਮ-ਵਿਸ਼ਵਾਸ਼ ਨੂੰ ਵੱਖ-ਵੱਖ ਤਸਦੱਦਾਂ ਰਾਹੀ ਦਿਲ ਅਤੇ ਦਿਮਾਗ ਨੂੰ ਵਲੂੰਧਰਿਆ ਹੈ। ਇਸ ਨਫ਼ਰਤ ਭਰੀ ਬਸਤੀ ਦੇ ਮੀਨਾਰ ਅਤੇ ਮਮਟੀਆਂ ਨੇ ਮੋਤੀਏ ਗੁਲਾਬ ਦਾ ਬੁਰਾ ਹਸ਼ਰ ਕੀਤਾ ਹੈ ਅਤੇ ਕਈ ਵਾਰੀ ਨੂੰਹਾਂ ਇਸ ਬਸਤੀ ਦੀ ਸੜਾਂਦ ਵਿਚੋਂ ਜੁਗਨੂੰ ਦੀ ਲਾਟ ਵਾਂਗ ਚਮਕਦੀਆਂ ਨਜ਼ਰ ਆਉਦੀਆਂ ਹਨ। ਫਿਰ ਰੂਹ ਕੁਰਲਾ ਉੱਠਦੀ ਹੈ ਜੋ ਕਵਿਤਾਵਾਂ ਬਣਕੇ ਨੂੰਹਾਂ ਦਾ ਰੂਪ ਧਾਰਨ ਕਰਦੀਆਂ ਹਨ। ਮੈਨੂੰ ਪੂਰੀ ਆਸ ਹੈ ਕਿ ਮਾਂਵਾਂ, ਭੈਣਾਂ, ਧੀਆਂ ਅਤੇ ਨੂੰਹਾਂ ਇਸਨੂੰ ਪੜ੍ਹਕੇ ਆਪਣੀ ਰੂਹ ਦੀ ਅਵਾਜ਼ ਰਾਹੀ ਪ੍ਰੇਰਨਾ, ਮਮਤਾ, ਸਚਲ, ਅਤੇ ਉਤਸ਼ਾਹ ਦਾ ਕਾਫਲਾ ਬਣਾ ਕੇ ਔਰਤ ਜਾਤ ਪ੍ਰਤੀ ਸੁਹਿਰਦ ਹੋਣਗੀਆਂ।

ਮੇਰੇ ਅਲੋਚਕ ਵੀਰ ਮੇਰੀ ਵਿਚਾਰਧਾਰਾ ਨਾਲ ਸਹਿਮਤ ਨਹੀਂ ਹੋਣਗੇ ਕਿਉਂਕਿ ਸੱਸਾਂ-ਨੂੰਹਾਂ ਨੂੰ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਹਮੇਸ਼ਾ ਹੀ ਤਮਾਸ਼ਬੀਨ ਅਲੋਚਨਾਤਾਮਕ ਵਿਚਾਰਧਾਰਾ ਨਾਲ ਹੀ ਦੇਖਿਆ ਹੈ। ਦੂਸਰਾ ਭਾਰਤੀ ਸਭਿਆਚਾਰ ਵਿੱਚ ਸੱਸਾਂ-ਨੂੰਹਾਂ ਦੇ ਰਿਸ਼ਤੇ ਨੂੰ ਸਿਰਫ ਲੜਾਈ ਦੀ ਭਾਵਨਾ ਤੱਕ ਸੀਮਤ ਰੱਖਿਆ ਹੈ। ਸੱਸਾਂ ਨੂੰਹਾਂ ਦੇ ਸਿਰਫ ਨਾਕਾਰਾਤਮਿਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਸਾਹਿਤ ਅਤੇ ਸਭਿਆਚਾਰ ਵਿਚ ਮਾਂਵਾਂ, ਧੀਆਂ, ਦਰਾਣੀਆਂ, ਜੇਠਾਣੀਆਂ ਦੀਆਂ ਕਵਿਤਾਵਾਂ, ਗੀਤ, ਨਾਟਕ ਅਤੇ ਨਾਵਲ ਬਹੁਤ ਮਿਲਦੇ ਹਨ, ਜਦ ਕਿ ਨੂੰਹਾਂ ਨੂੰ ਬਹੁਤ ਹੀ ਘੱਟ ਲੇਖਕਾਂ ਨੇ ਵਿਚਾਰਿਆਂ ਹੈ। ਅਗਰ ਕਿਸੇ ਨੇ ਵਿਚਾਰਿਆ ਹੈ ਤਾਂ ਸੱਸਾਂ ਨੂੰਹਾਂ ਦੀ ਲੜਾਈ ਤੱਕ ਹੀ ਹੈ। ਚਾਹੀਦਾ ਤਾਂ ਇਹ ਸੀ ਕਿ ਨੂੰਹਾਂ ਪਰਿਵਾਰ, ਸਮਾਜ ਅਤੇ ਦੇਸ਼ ਦਾ ਸਮਰਾਇਆ ਹਨ, ਇਨ੍ਹਾਂ ਨੂੰ ਸਾਕਾਰਾਤਮਿਕ ਬਿੰਬ-ਚਿੱਤਰਣ ਦੇ ਕੇ ਇਕ ਪਵਿੱਤਰ ਪੂਜਨੀਕ ਰਿਸ਼ਤੇ ਦੇ ਤੋਹਫ਼ੇ ’ਚ ਵਾਰਸਾਂ ਨੂੰ ਪੇਸ਼ ਕੀਤਾ ਜਾਂਦਾ। ਦੋਸਤੋ ਆਸ ਕਰਦਾ ਹਾਂ ਕਿ ਮੇਰੀ ਹੱਥਲੀ ਪੁਸਤਕ ਪਿਆਰੀਆਂ ‘ਨੂੰਹਾਂ’

ਲਈ ਇਕ ਨਿਵੇਕਲਾ ਮੁੱਦਾ ਹੋਵੇ। ਪਰਿਵਾਰਕ ਰਿਸ਼ਤਿਆਂ ਵਿਚ ਇਕ ਵਧੀਆ ਸੰਦੇਸ਼ ਦੇਵੇਗਾ। ਜਿਸ ਨਾਲ ਭਾਰਤ ਦੀਆਂ ਸਾਰੀਆਂ ਨੂੰਹਾਂ ਨੂੰ ਬਲ, ਜੋਸ਼, ਚੇਤਨਾ ਅਤੇ ਮਾਣ-ਸਨਮਾਨ ਮਿਲੇਗਾ।

ਭਗਤ ਕਬੀਰ ਸਭਾ ਅਤੇ ਦੁਆਬਾ ਸਾਹਿਤ ਸਭਾ (ਰਜਿ:), ਮਿਆਣੀ, ਜਿਲ੍ਹਾ ਹੁਸ਼ਿਆਰਪੁਰ, ਪੰਜਾਬ ਦਾ ਇਸ ਕਾਵਿ-ਸੰਗ੍ਰਹਿ ਨੂੰ ਆਪ ਤੱਕ ਪਹੁੰਚਾਉਣ ਦਾ ਇਕ ਨਿਵੇਕਲਾ ਉਪਰਾਲਾ ਹੈ ਅਤੇ ਸਦਾ ਹੀ ਪੰਜਾਬੀ ਸਾਹਿਤ ਦੀ ਸੇਵਾ ਲਈ ਤਤਪਰ ਰਹਿੰਦੀਆਂ ਹਨ। ਦਾਸ, ਕਹਾਣੀਕਾਰ ਗੁਰੂਦੇਵ ਪੰਮੀ ਦਿਵੇਦੀ ਜੀ ਦਾ ਬਹੁਤ ਰਿਣੀ ਹੈ ਜਿਨ੍ਹਾਂ ਦੇ ਅਸ਼ੀਰਵਾਦ ਨਾਲ ਇਸ ਮੁਕਾਮ 'ਤੇ ਹਾਂ। ਅੰਤਰਰਾਸ਼ਟਰੀ ਪ੍ਰਸਿੱਧ ਕਵੀ ਜਨਾਬ ਰਵਿੰਦਰ ਰਵੀ ਕੈਨੇਡਾ ਦਾ ਵੀ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਨੇ ਮੁੱਖ-ਬੰਦ ਦੀ ਰਚਨਾ ਕਰਕੇ ਨੂੰਹਾਂ ਦਾ ਸਾਥ ਦਿੱਤਾ ਹੈ। ਵੀਰ ਕਰਨ ਭੀਖੀ, ਸਾਹਿਬਦੀਪ ਪਬਲੀਕੇਸ਼ਨ ਭੀਖੀ, ਜਿਲ੍ਹਾ ਮਾਨਸਾ ਪੰਜਾਬ ਦਾ ਵੀ ਕਰਜ਼ ਨਹੀਂ ਦੇ ਸਕਦਾ ਜਿਨ੍ਹਾਂ ਨੇ ਇਸ ਕਾਵਿ-ਸੰਗ੍ਰਹਿ ਨੂੰ ਅੰਤਮ ਰੂਪ ਦਿੱਤਾ। ਇਸ ਤੋਂ ਇਲਾਵਾ ਸਹਿਯੋਗੀ ਰਜਿੰਦਰ ਸਿੰਘ ਲਾਲੀ ਬਾਵਾ, ਦਵਿੰਦਰ ਗਰਚਾ ਕੈਨੇਡਾ, ਡਾ. ਕਰਮਜੀਤ ਸਿੰਘ, ਡਾ. ਦਰਸ਼ਨ ਸਿੰਘ ਆਸ਼ਟ, ਅਮਰੀਕ ਤਲਵੰਡੀ, ਅਲੀਮ ਸ਼ਕੀਲ, ਰਵੀ ਜੱਸੀ, ਪ੍ਰੋ.ਕੇਵਲ ਕਲੋਟੀ ਟਾਂਡਾ, ਕਹਾਣੀਕਾਰ ਲਾਲ ਸਿੰਘ ਦਸੂਹਾ, ਬਲਦੇਵ ਬੱਲੀ, ਕੁਲਵੰਤ ਚੰਨ, ਫਰਾਂਸ, ਬਾਵਾ ਹਰਭਜਨ ਸਿੰਘ ਭੱਜੀ, ਸੁਰਿੰਦਰ ਇੰਗਲੈਂਡ, ਗੁਲਸ਼ਨ ਸ਼ਰਮਾ ਅਤੇ ਗਜ਼ਲਗੋ ਜਨਾਬ ਜਨਕਪ੍ਰੀਤ ਬੇਗੋਵਾਲ ਦਾ ਬਹੁਤ ਧੰਨਵਾਦੀ ਹਾਂ। ਦਾਸ ਆਸ ਕਰਦਾ ਹੈ ਕਿ ਇਸ ਕਾਵਿ-ਸੰਗ੍ਰਹਿ ਨੂੰ ਜਰੂਰ ਪਸੰਦ ਕਰੋਗੇ ਅਤੇ ਅੰਤਮ ਸਾਹਾਂ ਤੱਕ ਨਿਰੰਤਰ ਲਿਖਣ ਦਾ ਵਚਨ ਕਰਦਾ ਹਾਂ।

ਰੰਗਲਾ ਚਰਖਾ ਪੁੱਛੇ ਰੱਤੇ ਚੂੜੇ ਤੋਂ, ਇਹ ਕਿਸ ਦੇਸ਼ ਦੀਆਂ ਨੂੰਹਾਂ ਨੇ।
ਟਿੱਕਾ, ਕੈਂਠਾ, ਝਾਂਜਰ, ਝੂੰਮਕੇ ਆਖ਼ਣ, ਇਹ ਭਾਰਤ ਦੇਸ਼ ਦੀਆਂ ਨੂੰਹਾਂ ਨੇ।

ਆਪਜੀ ਦਾ ਦਾਸ
**-ਰਾਮ ਲਾਲ ਭਗਤ**
ਮੋਬਾ:98550-02264

# ਆਰਤੀ

ਹੇ ਪ੍ਰਭੂ ! ਮੈਂ ਆਰਤੀ ਕਰਾਂ
ਹੇ ਪ੍ਰਭੂ ! ਮੈਂ ਆਰਤੀ ਕਰਾਂ
ਮਾਂਵਾਂ, ਭੈਣਾਂ, ਧੀਆਂ, ਨੂੰਹਾਂ ਨੂੰ
ਇਸ ਧਰਤੀ ਤੇ ਸਨਮਾਨ ਮਿਲੇ
ਮਿਟ ਜਾਣ ਇਹ ਸਭ ਹਨੇਰੇ ਜੀ
ਨੂਰੀ ਸ਼ਕਤੀ ਦਾ ਵਰਦਾਨ ਮਿਲੇ

ਹੇ ਪ੍ਰਭੂ ! ਮੈਂ ਆਰਤੀ ਕਰਾਂ
ਹੇ ਪ੍ਰਭੂ ! ਮੈਂ ਆਰਤੀ ਕਰਾਂ
ਮਾਂਵਾਂ, ਭੈਣਾਂ, ਧੀਆਂ, ਨੂੰਹਾਂ ਨੂੰ
ਸਭ ਹੱਕਾਂ ਦਾ ਫ਼ੁਰਮਾਨ ਮਿਲੇ
ਫ਼ੁੱਲਾਂ ਵਾਂਗ ਮਹਿਕੇ ਜ਼ਿੰਦਗੀ
ਇਕ ਸੱਚੀ-ਸੁੱਚੀ ਸ਼ਾਨ ਮਿਲੇ

ਹੇ ਪ੍ਰਭੂ ! ਮੈਂ ਆਰਤੀ ਕਰਾਂ
ਹੇ ਪ੍ਰਭੂ ! ਮੈਂ ਆਰਤੀ ਕਰਾਂ
ਮਾਂਵਾਂ, ਭੈਣਾਂ, ਧੀਆਂ, ਨੂੰਹਾਂ ਨੂੰ
ਕੁਲ ਆਲਮ 'ਤੇ ਮਾਣ ਮਿਲੇ
ਨਾਨਕ ਦੀ ਬਾਣੀ ਹੋਵੇ ਪੂਰਨ
ਜੇ ਨਾਰੀ ਨੂੰ ਹਿੰਮਤ ਦਾਨ ਮਿਲੇ।

# ਤ੍ਰਿਲੋਕੀ

ਮੈਂ ਸ਼ਾਇਰ ਨਹੀਂ
ਚਿੰਤਕ ਹਾਂ
ਚਿੰਤਨ ਕਰਦਾ ਹਾਂ
ਦਿਨ ਰਾਤ
ਸ਼ਬਦੀ ਤਾਣਾ ਬੁਣਦਾ ਹਾਂ
ਰੂਹ ਦੇ ਚਾਨਣ ਨਾਲ
ਲੜਦਾ ਹਾਂ
ਕਦੇ ਜੀਊਂਦਾ ਹਾਂ
ਕਦੇ ਮਰਦਾ ਹਾਂ
ਤਾਂ ਕਿ
ਨਾਰੀ ਦੀ ਹਸਤੀ ਨੂੰ
ਕੁਲ ਤ੍ਰਿਲੋਕੀ ਜਾਣ ਜਾਵੇ।

ਇਨ੍ਹਾਂ ਸੁੱਚੇ ਬਿੰਬਾਂ 'ਚ
ਸੀਤਾ ਵੀ ਹੈ
ਗੁਜਰੀ ਵੀ ਹੈ
ਮੇਰੇ ਦਿਲ ਦੀ ਕੈਨਵਸ 'ਤੇ
ਰਾਣੀ ਝਾਂਸੀ ਵੀ ਹੈ
ਤਸਲੀਮਾ ਵੀ ਹੈ
ਕਲਮ ਤੇ ਕਾਗਜ਼ ਨਾਲ
ਨਿਤ ਯੁੱਧ ਕਰਦਾ ਹਾਂ
ਕਦੇ ਜਿੱਤਦਾ ਹਾਂ
ਕਦੇ ਹਰਦਾ ਹਾਂ
ਤਾਂ ਕਿ
ਨਾਰੀ ਦੀ ਹਸਤੀ ਨੂੰ
ਕੁਲ ਤ੍ਰਿਲੋਕੀ ਪਛਾਣ ਜਾਵੇ।

ਇਹ ਮੇਰੀ ਰੂਹ ਦਾ
ਸ਼ਾਂਤ ਸਮੁੰਦਰ
ਤੁੰਦ ਸੁਨਾਮੀ ਬਣ
ਖ਼ੂਨ 'ਚ ਖੌਲਦਾ ਹੈ
ਧੀਆਂ-ਨੂੰਹਾਂ ਨੂੰ
ਸਨਮਾਨ ਦਿਓ
ਸੰਗਰਾਮ ਕਰਨ ਲਈ
ਬੋਲਦਾ ਹੈ
ਹੀਰਿਆਂ ਦੇ ਕੁਟੰਬਾਂ 'ਚ
ਹਰ ਪਲ ਨੂੰ
ਤਰਾਸ਼ਦਾ
ਤਾਂ ਕਿ
ਨਾਰੀ ਦੀ ਹਸਤੀ ਨੂੰ
ਕੁਲ ਤ੍ਰਿਲੋਕੀ ਠਾਣ ਜਾਵੇ।

# ਤਿੱਤਲੀਆਂ ਦੀ ਬਗਾਵਤ

ਧੀਆਂ ਨੂੰ ਮੋਈਆਂ ਤਿੱਤਲੀਆਂ ਸੀ ਕਹਿੰਦੇ,
ਸ਼ੇਰਨੀਆਂ ਬਣਾ ਕੇ ਜਸ਼ਨ ਮਨਾਇਆ ਹੈ।

ਸ਼ਿਵ ਦੇਖ ਤੇਰੇ ਆਟੇ ਦੀਆਂ ਚਿੜੀਆਂ ਨੇ,
ਖ਼ੂਨੀ ਬਾਜ਼ਾਂ ਲਈ ਕਫ਼ਨ ਸਿਲਾਇਆ ਹੈ।

ਅੱਜ ਕ੍ਰਿਸ਼ਨ ਦੀਆਂ ਭੋਲੀਆਂ ਗਾਊਆਂ ਨੇ,
ਕੰਸ ਦੇ ਤਾਜ ਨੂੰ ਨਿਸ਼ਾਨਾ ਬਣਾਇਆ ਹੈ।

ਇਨ੍ਹਾਂ ਦੇ ਖ਼ੂਨ ਵਿਚ ਜਜ਼ਬਾਤ ਝਾਂਸੀ ਦੇ
ਤਾਂਈਓਂ ਬਗਾਵਤੀ ਡੰਕਾ ਵਜਾਇਆ ਹੈ।

ਹਰ ਖੇਤਰ ਵਿੱਚ ਇਨ੍ਹਾਂ ਸ਼ੇਰਨੀਆਂ ਨੇ
ਦੁਨੀਆਂ ਨੂੰ ਕੁਝ ਕਰਕੇ ਵਿਖਾਇਆ ਹੈ।

ਆਓ ਹੌਸਲਾ ਵਧਾਈਏ ਧੀਆਂ-ਨੂੰਹਾਂ ਦਾ,
ਜਿਨ੍ਹਾਂ ਨੇ ਸਾਰੇ ਜੱਗ ਨੂੰ ਵਸਾਇਆ ਹੈ।

ਇਹ ਨਾਨਕ ਦੀ ਹੋਂਦ, ਗੋਬਿੰਦ ਦੀ ਓਟ ਹੈ
ਇਨ੍ਹਾਂ ਨੇ ਭਗਤ ਨੂੰ ਲਿਖਣਾ ਸਿਖਾਇਆ ਹੈ।

## ਸੋਚ

ਲੋਕੋ! ਨੂੰਹਾਂ ਕਦੇ ਵੀ ਨਾ ਲੜਣ
ਜੇ ਨੂੰਹਾਂ ਨੂੰ ਧੀਆਂ ਸਮਝ ਲਈਏ
ਲੋਕੋ! ਨੂੰਹਾਂ ਕਦੇ ਵੀ ਨਾ ਸੜਣ
ਜੇ ਨੂੰਹਾਂ ਨੂੰ ਧੀਆਂ ਸਮਝ ਲਈਏ।

ਸੱਸਾਂ ਕਹਾਉਣ ਨਾ ਕਦੇ ਕੁਪੱਤੀਆਂ
ਜੇ ਨੂੰਹਾਂ ਨੂੰ ਸੁੱਚਾ ਪਿਆਰ ਕਰਨ
ਗੱਲਾਂ ਹੋਣ ਨਾ ਵਾਧੀਆਂ-ਘਾਟੀਆਂ
ਜੇ ਸਹੁਰੇ ਵੀ ਉੱਚਾ ਵਿਚਾਰ ਕਰਨ
ਵਸਦੇ ਰਹਿਣ ਮਹਿਲ-ਮੁਨਾਰੇ
ਜੇ ਨੂੰਹਾਂ ਨੂੰ ਨੀਹਾਂ ਸਮਝ ਲਈਏ।

ਕਿਧਰੇ ਨਣਾਨਾਂ ਬਣ ਜਾਵਣ ਭੈਣਾਂ
ਵਿਹੜੇ ਖੁਸ਼ੀਆਂ ਨਾਲ ਮਹਿਕਾਵਣ
ਦਿਉਰ-ਜੇਠ ਚਮਕਣ ਬਣ ਗਹਿਣਾ
ਦਰਾਣੀ-ਜਠਾਣੀ ਸਾਹੀਂ ਮਰਜਾਵਣ
ਵਿਹੜੇ ਵਿੱਚ ਮਹਿਕਣ ਖੁਸ਼ੀਆਂ
ਜੇ ਨੂੰਹਾਂ ਨੂੰ ਧੀਆਂ ਸਮਝ ਲਈਏ

ਪਤੀ ਕਹਾਵਣ ਨਾ ਕਦੇ ਵੀ ਦੋਸ਼ੀ
ਜੇ ਦੋ ਰੂਹਾਂ ਦਾ ਸੱਚਾ ਮੇਲ ਹੋਵੇ
ਸਦਾ ਜਿਉਣ ਬਾਗ਼ਾਂ ਦੇ ਵਾਰਸ
ਜੇ ਉਸ ਅੱਲ੍ਹਾ ਦੀ ਮਿਹਰ ਹੋਵੇ
ਭਗਤਾ ਆਣ ਪ੍ਰੀਤਾਂ-ਦੌਲਤ-ਸ਼ੌਹਰਤ
ਜੇ ਨੂੰਹਾਂ ਨੂੰ ਧੀਆਂ ਸਮਝ ਲਈਏ।

# ਜਾਗੋ

ਸਰਪੰਚਾ ਜਾਗ ਬਈ
ਹੁਣ ਜਾਗੋ ਆਈ ਆ
ਕੱਲ੍ਹ ਨੂੰਹ ਰਾਣੀ ਨੇ ਆਉਣਾ
ਪਟਰਾਣੀ ਨੇ ਆਉਣਾ
ਪਿੰਡ ਦੀਆਂ ਗਲੀਆਂ ਸਾਫ਼ ਕਰਾ ਲੈ
ਹੁਣ ਜਾਗੋ ਆਈ ਆ
ਸਰਪੰਚਣੀ ਜਗਾ ਲੈ
ਰੁੱਸੀ ਨੂੰ ਮਨਾ ਲੈ
ਹੁਣ ਜਾਗੋ ਆਈ ਆ

ਲੰਬੜਾ ਜਾਗ ਬਈ
ਹੁਣ ਜਾਗੋ ਆਈ ਆ
ਕੱਲ੍ਹ ਨੂੰਹ ਰਾਣੀ ਨੇ ਆਉਣਾ
ਪਟਰਾਣੀ ਨੇ ਆਉਣਾ
ਪਿੰਡ ਦੀ ਫਿਰਨੀ ਲਾਈਟਾਂ ਲਵਾ ਲੈ
ਹੁਣ ਜਾਗੋ ਆਈ ਆ
ਲੰਬੜਦਾਰਨੀ ਜਗਾ ਲੈ
ਰੁੱਸੀ ਨੂੰ ਮਨਾ ਲੈ
ਹੁਣ ਜਾਗੋ ਆਈ ਆ

ਚੌਂਕੀਦਾਰਾ ਜਾਗ ਬਈ
ਹੁਣ ਜਾਗੋ ਆਈ ਆ
ਕੱਲ੍ਹ ਨੂੰਹ ਰਾਣੀ ਨੇ ਆਉਣਾ
ਪਟਰਾਣੀ ਨੇ ਆਉਣਾ
ਪਿੰਡ ਵਿਚ ਢੰਡੋਰਾ ਪਿਟਵਾ ਲੈ
ਹੁਣ ਜਾਗੋ ਆਈ ਆ
ਚੌਂਕੀਦਾਰਨੀ ਜਗਾ ਲੈ
ਰੁੱਸੀ ਨੂੰ ਮਨਾ ਲੈ
ਹੁਣ ਜਾਗੋ ਆਈ ਆ।

# ਸੱਤ ਘੁੱਟ ਪਾਣੀ

ਪਹਿਲੇ ਘੁੱਟ ਅੱਖਾਂ ਭਰ ਦੇਖ ਲੈ
ਪਰੀਆਂ ਵਰਗੀ ਨੂੰਹ ਰਾਣੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਭਾਗਾਂ ਵਾਲੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

ਦੂਜੇ ਘੁੱਟ ਫੁੱਲ ਵਰਸਾ ਕੇ
ਨੂੰਹ ਰਾਣੀ ਬਣਾ ਦੇ ਪਟਰਾਣੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਮਾਲਣੇ
ਅੱਜ ਰੱਜ-ਰੱਜ ਪੀ ਲੈ ਪਾਣੀ।

ਤੀਸਰੇ ਘੁੱਟ ਮੱਥਾ ਚੁੰਮ ਕੇ
ਛੇੜ ਕੋਈ ਪ੍ਰੀਤ ਦੀ ਕਹਾਣੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਰਾਣੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

ਚੌਥੇ ਘੁੱਟ ਮਹਿਕਾਂ ਦਾ ਪੀ ਕੇ
ਨੂੰਹ ਰਾਣੀ ਦੀ ਬਣ ਮਾਂ ਰਾਣੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਸ਼ਾਹਣੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

ਪੰਜਵਾਂ ਘੁੱਟ ਮੋਹ ਦਾ ਪੀ ਕੇ
ਵਸਾ ਲੈ ਦਰਾਣੀ ਤੇ ਜਠਾਣੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਸਰਦਾਰਨੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

ਛੇਵੇਂ ਘੁੱਟ ਅਸੀਸਾਂ ਦੇ ਕੇ
ਨੂੰਹ ਰਾਣੀ ਦੀ ਕਰ ਮਹਿਮਾਨੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ ਚੌਧਰਾਣੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

ਸੱਤਵੇਂ ਘੁੱਟ ਦਹਿਲੀਜ਼ ਟਪਾ ਕੇ
ਗਲ਼ ਪਾ ਦੇ ਹੀਰੇ ਦੀ ਗਾਨੀ
ਨੀ ਸੱਸੜੀਏ
ਅੱਜ ਵਾਰ-ਵਾਰ ਪੀ ਲੈ ਪਾਣੀ
ਨੀ 'ਮਿਆਣੀ' ਵਾਲੀਏ
ਅੱਜ ਰੱਜ-ਰੱਜ ਪੀ ਲੈ ਪਾਣੀ।

# ਤੋਹਫ਼ਾ

ਕੁਦਰਤ ਨੇ ਦਿੱਤਾ ਹੁਸਨ ਦਾ ਤੋਹਫ਼ਾ
ਅਖ਼ਬਾਰਾਂ ਵਿਚ ਹੋ ਗਏ ਮਸਹੂਰ ਜੀ
ਤੁਸੀਂ ਬੜੀ ਆਲ੍ਹਾ ਚੀਜ਼ ਜੋ
ਅਸੀਂ ਮੰਨ ਗਏ ਹਜ਼ੂਰ ਜੀ
ਕੋਇਲਾਂ ਬਾਗ਼ਾਂ 'ਚ ਪਾਈਏ ਦੁਹਾਈ
ਅੰਬੀਆਂ ਨੂੰ ਪੈ ਗਿਆ ਬੂਰ ਜੀ।
ਤੁਸੀਂ ਬੜੀ ਆਲ੍ਹਾ...................
ਪਲ 'ਚ ਛੂਈ-ਮੂਈ, ਪਲ 'ਚ ਤੋਲਾ-ਮਾਸ਼ਾ
ਪਲ ਵਿਚ ਵਿਚ ਹਾਜ਼ਰ ਜਵਾਬ ਜੀ
ਪਲ 'ਚ ਮਿੱਠਾ ਕੌੜਾ, ਪਲ 'ਚ ਬਹੁਤਾ-ਥੋੜਾ
ਪਲ ਵਿਚ ਵਿਚ ਨਾਜ਼ਰ ਸਾਹਿਬ ਜੀ
ਤੁਸੀਂ ਬੋਲਦੇ ਹੋ ਵਕੀਲਾਂ ਵਾਂਗ ਹੀਰਿਓ
ਕਰਦੇ ਹੋ ਸੀ.ਆਈ.ਡੀ ਘੂਰ-ਘੂਰ ਕੇ
ਤੁਸੀਂ ਬੜੀ ਆਲ੍ਹਾ..................
ਅਸੀਂ ਇਕ-ਮਿਕ ਹਾਂ, ਲੱਗੀਏ ਨਾ ਦੋ
ਕਦੇ ਆਵੇ ਨਾ ਦਿਲਾਂ 'ਚ ਤ੍ਰੇੜ ਜੀ
ਰੂਹ ਦੀ ਅਵਾਜ਼ ਹੈ, ਦਿਲ ਸਾਡਾ ਸਾਫ਼ ਹੈ
ਲੱਗੇ ਯਾਰੀ ਸੱਜਰੀ ਸਵੇਰ ਜੀ
ਠੰਡੇ ਦੁੱਧ ਨੂੰ ਕਦੇ ਫੂਕਾਂ ਨਾ ਮਾਰੀਏ
ਭੰਡ ਦਿੰਦਾਂ ਬਹੁਤਾ ਫਤੂਰ ਜੀ
ਤੁਸੀਂ ਬੜੀ ਆਲ੍ਹਾ.................
ਦਿਲ ਇਕ ਮੰਦਰ, ਮੰਦਰ 'ਚ ਰੱਬ ਹੈ
ਇਹਨੂੰ ਨਾ ਦੁਖਾਇਓ ਭੁੱਲਕੇ
ਯਾਰ ਜਿੰਦ ਜਾਨ ਹੁੰਦੇ, ਧਰਮ ਈਮਾਨ ਹੁੰਦੇ
ਵਿਸ਼ਵਾਸ ਨਾ ਗਵਾਇਓ ਭੁੱਲ ਕੇ
'ਭਗਤਾ' ਬੈਠ ਕੇ ਨਿਬੇੜੀਏ ਗਿਲੇ-ਸ਼ਿਕਵੇ
ਐਵੇਂ ਕਰੀਏ ਨਾ ਕਦੇ ਗਰੂਰ ਜੀ
ਤੁਸੀਂ ਬੜੀ ਆਲ੍ਹਾ................।

## ਸਨਮਾਨ ਕਰੋ

ਧੀਆਂ ਵਰਗੀਆਂ ਨੂੰਹਾਂ
ਲੋਕੋ! ਸਨਮਾਨ ਕਰੋ
ਕੁੜੀਆਂ ਵਰਗੀਆਂ ਨੂੰਹਾਂ
ਲੋਕੋ! ਸ਼ਾਨ ਕਰੋ।

ਇਹ ਆਦਮ ਦੀਆਂ ਹੋਂਦ
ਲੋਕੋ! ਪਛਾਣ ਕਰੋ
ਚੰਦਨ ਵਰਗੀਆਂ ਨੂੰਹਾਂ
ਲੋਕੋ! ਸ਼ਾਨ ਕਰੋ।

ਨਾਨਕ ਦੀਆਂ ਜਣਨੀਆਂ
ਲੋਕੋ! ਗਾਣ ਕਰੋ
ਕਲੀਆਂ ਵਰਗੀਆਂ ਨੂੰਹਾਂ
ਲੋਕੋ! ਸ਼ਾਨ ਕਰੋ।

ਭਾਰਤ ਦੀਆਂ ਲਾਡਲੀਆਂ
ਲੋਕੋ! ਮਾਣ ਕਰੋ
ਝਾਂਸੀ ਵਰਗੀਆਂ ਨੂੰਹਾਂ
ਲੋਕੋ! ਸ਼ਾਨ ਕਰੋ।

# ਇਜ਼ਹਾਰ

ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ..........

ਸੱਸ ਕੁਪੱਤੀ, ਕਾਲੀ ਸੱਪਣੀ
ਨਖ਼ਰੇ ਪਿੱਟੀ, ਕੋਠੇ ਟੱਪਣੀ
ਨਿੱਤ ਮੰਗਦੀ ਚਾਹ ਪਕੌੜੇ
ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ .........

ਸਹੁਰਾ ਭੋਲਾ, ਡੱਬ ਖੜੱਬਾ
ਨਿੱਤ ਮੰਗਦਾ ਅਚਾਰ ਮੁਰੱਬਾ
ਸਾਰਾ ਦਿਨ ਪੱਗ ਮਾਰਦੀ ਝੋਰੇ
ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ.........

ਜੇਠ ਮਰਜਾਣਾ, ਅੱਖੋਂ ਟੀਰਾ
ਨਿੱਤ ਭਾਲਦਾ, ਹਲਦੀ ਜ਼ੀਰਾ
ਨੱਕੋਂ ਫੀਨਾ ਤੇ ਕੰਨ ਚੌੜੇ
ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ.........

ਨਣਦ ਲੜਾਕੀ, ਰੱਖਦੀ ਉਹਲੇ
ਖੇਡੇ ਅੱਡੀ ਟੱਪਾ, ਗੁੱਡੀ ਪਟੋਲੇ
ਨਿੱਤ ਰੱਖਦੀ ਘਰ 'ਚ ਫੇਰੇ
ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ .........

ਮੀਣਾ ਦਿਉਰ, ਮਚਾਉਂਦਾ ਲਾਂਬੂ
ਲੂਤੀਆਂ ਲਾਉਂਦਾ, ਕੈਦੋ ਵਾਂਗੂ
ਬਿਨ੍ਹਾਂ ਪੀਤਿਓਂ ਲੈਂਦਾ ਈ ਲੋਰੇ
ਮੈਂ ਨਹੀਓਂ ਜਾਣਾ ਸਹੁਰੇ ਮਾਏ
ਮੈਂ ਨਹੀਓਂ ਜਾਣਾ ਸਹੁਰੇ .........

ਮਾਹੀ ਮੇਰਾ, ਜੱਗ ਤੋਂ ਸੋਹਣਾ
ਮਨ ਦਾ ਸੱਚਾ, ਲੱਗੇ ਮਨਮੋਹਣਾ
ਭਗਤ ਕਰੇ ਦਿਲ ਹੌਲ੍ਹੇ
ਟੁਰ ਜਾਣਾ ਈ ਸਹੁਰੇ ਮਾਏ
ਟੁਰ ਜਾਣਾ ਜਾਣਾ ਈ ਸਹੁਰੇ.........।

# ਜੋਗੀ

ਨੀ ਸੱਸੋ ਦੇਵੀਓ
ਜੋਗੀ ਪਿਆ ਆਖੇ
ਨੂੰਹਾਂ ਸ਼ਿੰਗਾਰ ਘਰ ਦਾ
ਸੁੱਚੇ ਮੋਤੀਆਂ ਦੀ ਦਾਤ।

ਨੀ ਸੱਸੋ ਰਾਣੀਓ
ਨੂੰਹਾਂ ਲਾਡਲੀਆਂ ਨੇ
ਵਾਰੋ ਲਾਲ ਮਿਰਚਾਂ
ਕਿਤੇ ਨਜ਼ਰ ਨਾ ਲੱਗ ਜਾਏ।

ਨੀ ਸੱਸੋ ਦੇਵੀਓ
ਜੋਗੀ ਪਿਆ ਆਖੇ
ਦਿਓ ਅਸੀਸਾਂ ਨੂੰਹਾਂ ਨੂੰ
ਸਦਾ ਦੁੱਧੀਂ-ਪੁੱਤੀਂ ਨਹਾਉਣ।

ਨੀ ਸੱਸੋ ਰਾਣੀਓ
ਜੋਗੀ ਪਿਆ ਆਖੇ
ਕਰੋ ਸ਼ੁਕਰਾਨਾ ਨੂੰਹਾਂ ਦਾ
ਵੰਸ਼ ਨੂੰ ਵਧਾਉਣ ਪਈਆਂ।

ਨੀ ਸੱਸੋ ਦੇਵੀਓ
ਜੋਗੀ ਪਿਆ ਆਖੇ
ਹੋਵੇ ਨੂੰਹਾਂ-ਸੱਸਾਂ ’ਚ ਪਿਆਰ
ਸਾਰਾ ਜੱਗ ਕਰੂ ਸੇਵਾ।

## ਨੂੰਹਾਂ

ਨੂੰਹਾਂ ਵੰਸ਼ ਦੀ ਕਰਨ ਰਖਵਾਲੀ
ਕੌਣ ਕਹੇ ਨੂੰਹਾਂ ਮਾੜੀਆਂ ?

ਇਹ ਤਾਂ ਲੱਛਮੀਆਂ ਕੱਢਣ ਕੰਗਾਲੀ
ਕੌਣ ਕਹੇ ਨੂੰਹਾਂ ਮਾੜੀਆਂ ?

ਸੁੰਨੇ ਵਿਹੜੇ ’ਚ ਗੁਲਾਬ ਦੀ ਡਾਲੀ
ਕੌਣ ਕਹੇ ਨੂੰਹਾਂ ਮਾੜੀਆਂ ?

ਦੁੱਖਾਂ ’ਚ ਵੀ ਕਰਨ ਭਾਈ ਵਾਲੀ
ਕੌਣ ਕਹੇ ਨੂੰਹਾਂ ਮਾੜੀਆਂ ?

ਇਹ ਮਿੱਠੀ ਮਹਿਕ ਦੇਵੇ ਖ਼ੁਸ਼ਹਾਲੀ
ਕੌਣ ਕਹੇ ਨੂੰਹਾਂ ਮਾੜੀਆਂ ?

ਰੱਬਾ ਸਦਾ ਸੁਖੀ ਵੱਸਣ ‘ਮਿਆਣੀ’
ਕੌਣ ਕਹੇ ਨੂੰਹਾਂ ਮਾੜੀਆਂ ?

## ਨੂਰੀ

ਹਰ ਰੋਜ਼ ਬਾਂਗ ਬੋਲਣ ’ਤੇ
ਸਰਪੰਚਾਂ ਦਾ ਗੋਹਾ-ਕੂੜਾ ਕਰਦੀ
ਸੂਰਜ ਉੱਗਣ ’ਤੇ
ਲੰਬੜਾ ਤੇ ਬੈਠਕ ਵਾਲਿਆਂ ਦੇ ਘਰ
ਪੋਚੀਆਂ ਲਾਉਂਦੀ
ਡੀਗਰ ਵੇਲੇ ਘਰ ਪਰਤਦੀ
ਅਪਹਾਜ ਬਾਪ ਨੂੰ ਦਵਾਈ ਦੇਂਦੀ
ਰੋਟੀ-ਟੁੱਕੜ ਕਰਦੀ
ਫਿਰ ਸੰਧਿਆ ਨੂੰ ਚੌਧਰੀਆਂ ਦੇ ਘਰ
ਧਾਰਾਂ ਕੱਢਣ ਜਾਂਦੀ
ਰਾਤ ਨੂੰ ਫਿਕਰਾਂ ’ਚ ਸਹਿਮੀ ਸੌਂਦੀ
ਸੁਫ਼ਨਿਆਂ ’ਚ
ਕਦੇ ਮਰਦੀ ਕਦੇ ਜਿਊਂਦੀ
ਅੰਮੜੀ ਸੋਚ ਵਿਚਾਰਾਂ ਕਰਦੀ
ਜਵਾਨ ਨੂਰੀ ਦੀ ਛਾਤੀ ਸੁੱਕਦੀ ਜਾ ਰਹੀ ਹੈ
ਸ਼ਗਨਾਂ ਦੀ ਉਮਰ ਜੀਕਣ
ਮੁਕਦੀ ਜਾ ਰਹੀ ਹੈ
ਕੌਣ ਕਰੇਗਾ ਮੇਰੀ ਨੂਰੀ ਨਾਲ ਵਿਆਹ
ਵੇ ਰੱਬਾ ਰੂਪਾਂ ਵਾਲਿਆਂ
ਸਾਡੀ ਕੋਠੀ ਵੀ ਦਾਣੇ ਪਾ
ਵੇ ਰਾਜਿਆ ਰਾਜ ਕਰੇਂਦਿਆਂ
ਹਰ ਇਕ ਦੀ ਧੀ ਨੂੰ ਉਮਰਾਂ ਥੀਂ
ਸ਼ਗਨਾਂ ਦੀ ਡੋਲੀ ’ਚ ਬਿਠ੍ਹਾ।

## ਅਭਾਗੀ ਲੂਣਾ

ਵਰ ਸੱਠ ਦਾ ਟੋਲਿਆ
ਮੇਰਿਆਂ ਵੀਹਾਂ ਦਾ ਮੇਲ ਨਹੀਂ
ਸਦਾ ਬਾਂਝ ਹੀ ਰਹਿਣਾ
ਧੀ–ਪੁੱਤ ਦਾ ਖੇਲ ਨਹੀਂ
ਸੁਣ ਵੇ! ਬਾਬਲਾ ਮੇਰਿਆ
ਕੀ ਸ਼ੀਸ਼ ਮਹੱਲਾਂ ਵਿਚ ਜਿਉਣਾ?
ਅੱਜ ਗੋਰਿਆਂ ਦੀ ਧਰਤ ’ਤੇ
ਤੱੜਫ–ਤੱੜਫ ਕੇ ਮਰ ਰਹੀ
ਤੇਰੀ ਅਭਾਗੀ ਲੂਣਾ!

ਸੁਣੋ! ਵੇ ਸੋਹਣੇ ਵੀਰਿਓ
ਅੱਜ ਸਭ ਬੈਠ ਕਰੋ ਵਿਚਾਰ
ਕਦੇ ਭੁੱਲ ਕੇ ਵੀ ਨਾ ਕਰੀਏ
ਭੈਣਾਂ ਦੀ ਜ਼ਿੰਦਗੀ ਨਾਲ ਖਿਲਵਾੜ
ਰੱਬਾ ਦੂਰ ਦੇ ਢੋਲ ਸੁਹਾਵਣੇ
ਬੁੱਢਿਆਂ ਸੰਗ ਹੁਸਨ ਸਦਾ ਵਿਹੁਣਾ?
ਸੁਣ ਵੇ! ਬਾਬਲਾ ਮੇਰਿਆ
ਅੱਜ ਗੋਰਿਆਂ ਦੀ ਧਰਤ ’ਤੇ
ਤੜਫ–ਤੜਫ ਕੇ ਮਰ ਰਹੀ
ਤੇਰੀ ਅਭਾਗੀ ਲੂਣਾ!

ਮੇਰੇ ਵਾਂਗਰਾਂ ਨਾ ਭਗਤਾ
ਕਰਿਓ ਇਹ ਧੀਆਂ ਦਾ ਘਾਣ
ਡਾਲਰਾਂ ਦੀ ਭੁੱਖ ਛੱਡ ਕੇ
ਲੱਭੀਏ ਧੀਆਂ ਦਾ ਸੋਹਣਾ ਹਾਣ
ਧੀਆਂ ਧਨ ਪਰਾਇਆ ਨੇ
ਨੀ ਅੰਮੜੀਓ ਕਦੇ ਬਣਿਓਂ ਨਾ ਡੈਣਾਂ
ਸੁਣ ਵੇ! ਬਾਬਲਾ ਮੇਰਿਆ
ਅੱਜ ਗੋਰਿਆਂ ਦੀ ਧਰਤ ’ਤੇ
ਤੜਫ–ਤੜਫ ਕੇ ਮਰ ਰਹੀ
ਤੇਰੀ ਅਭਾਗੀ ਲੂਣਾ।

# ਮਿੱਟੀ ਦੇ ਚੋਰ

ਮੇਰੇ ਦੇਸ਼ ਨੂੰ ਰਿਸ਼ਵਤ ਖੋਰਾਂ ਨੇ ਖਾ ਲਿਆ
ਮੇਰੀ ਹੀ ਮਿੱਟੀ ਦੇ ਚੋਰਾਂ ਨੇ ਖਾ ਲਿਆ।
ਜਾਅਲੀ ਪੈਡ ਜਾਅਲੀ ਦਸਖ਼ਤ ਸਾਹਿਬਾਂ ਦੇ
ਜਾਅਲੀ ਬਿੱਲਾਂ 'ਤੇ ਮੋਹਰਾਂ ਨੇ ਢਾਹ ਲਿਆ।
ਕੁਰਸੀ 'ਤੇ ਬੈਠਾ ਫਨੀਅਰ ਹਿੱਕ ਤਾਣ ਕੇ
ਚੰਦਰੇ ਨਿਉਲ਼ੇ ਤੇ ਮੋਰਾਂ ਨੇ ਬਚਾ ਲਿਆ।
ਬਿੱਲੀ ਬੈਠ ਗਈ ਏ ਹੁਣ ਦੁੱਧ ਦੀ ਰਾਖ਼ੀ
ਚੂਹਿਆਂ ਨੇ ਰਲ ਮਾਸੀ ਨੂੰ ਮਨਾ ਲਿਆ।
ਚਮਚਿਆਂ-ਕੱੜਛਿਆਂ ਘਚੋਲਿਆ ਧਰਤ ਨੂੰ
ਰਾਜਾ ਅਤੇ ਮੰਤਰੀ ਪੰਜੇ 'ਚ ਫਸਾ ਲਿਆ।
ਰੱਬਾ! ਹੋਵੇ ਨਾ ਮੇਰਾ ਸੁਫ਼ਨਾ ਸੱਚ ਕਿਤੇ
ਗਦਾਰਾਂ-ਦਲਾਲਾਂ ਦੇਸ਼ ਗਹਿਣੇ ਪਾ ਲਿਆ।
ਉੱਠੋ! ਵਾਰਸੋ ਕਿਧਰੇ ਆਵੇ ਨਾ ਪਰਲੋ!
ਭਗਤ ਨੇ ਹੋਕਾ ਦੇ ਸਭ ਨੂੰ ਜਗਾ ਲਿਆ।

# ਇਕ ਦਰਦ ਕਹਾਣੀ

ਸੁਣਿਓ! ਲੋਕੋ ਇਕ ਦਰਦ ਕਹਾਣੀ
ਸੁਣਿਓ! ਲੋਕੋ ਇਕ ਦਰਦ ਕਹਾਣੀ..........

ਇਕ ਕੁੜੀ ਤੇ ਤੇਜ਼ਾਬ ਸੁੱਟਿਆ
ਚਿਹਰਾ ਸਾਰਾ ਹੀ ਲੂਹ ਸੁੱਟਿਆ
ਬਾਬਲ ਰੋਵੇ! ਅੰਮੜੀ ਰੋਵੇ!
ਇਹ ਕੁੜੀ ਕਿਸ ਘਰ ਵਿਅਹੁਣੀ
ਸੁਣਿਓ! ਲੋਕੋ ਇਕ ਦਰਦ ਕਹਾਣੀ..........

ਕੁੜੀ ਕਾਲਜ ਵਿਚ ਪੜ੍ਹਦੀ ਸੀ
ਗੁੰਡਿਆਂ ਤੋਂ ਨਿੱਤ ਡਰਦੀ ਸੀ
ਸਿਖਰ ਦੁਪਹਿਰੀਂ! ਸੂਰਜ ਦੇਖੇ
ਕਹਿਰ ਕਮਾਇਆ ਮੌਤ ਤੇ ਹੋਣੀ
ਸੁਣਿਓ! ਲੋਕੋ ਇਕ ਦਰਦ ਕਹਾਣੀ ..........

ਕੇਸ ਅਦਾਲਤ 'ਚ ਚੱਲ ਰਿਹਾ ਹੈ
ਕੁੜੀ ਦੀ ਰੂਹ ਦਾ ਕੀੜਾ ਜਲ਼ ਰਿਹਾ ਹੈ
ਧੀ ਹੈ ਪਰਾਈ! ਕੌਣ ਦੇਵੇ ਗਵਾਹੀ!
ਅੱਜ ਕਨੂੰਨ ਦੀ ਦੇਵੀ ਲਗਦੀ ਕਾਣੀ
ਸੁਣਿਓ! ਲੋਕੋ ਇਕ ਦਰਦ ਕਹਾਣੀ ..........

ਹੁਣ ਧੀਆਂ ਦੀ ਸੁਣੋ ਵੇ ਰਾਜਿਓ
ਧੀਆਂ ਦੇ ਨਾਲ ਖਲੋ ਵੇ ਰਾਜਿਓ
ਆਓ ਵੀਰਿਓ! ਸੋਚੋ ਵੀਰਿਓ!
ਔਰਤ ਕੁਲ ਜੰਨਤ ਦੀ ਮਹਾਂਰਾਣੀ
ਸੁਣਿਓ! ਲੋਕੋ ਇਕ ਦਰਦ ਕਹਾਣੀ..........।

## ਸੂਈ

ਸੱਸੋ ਰਾਣੀਓ ਸੂਈ ਬਣ ਕੇ
ਗੰਢ ਦਿਓ ਸਭ ਲੰਗਾਰ
ਮੋਹ-ਪ੍ਰੀਤਾਂ ਦੇ ਧਾਗੇ ਪਰੋ ਕੇ
ਮੇਲ ਦਿਓ ਵਿੱਛੜੇ ਪਰਿਵਾਰ।

ਨੂੰਹਾਂ ਵੀ ਧੀਆਂ ਵਰਗੀਆਂ
ਕਦੇ ਕਰਿਓ ਨਾ ਵਿਥਕਾਰ
ਨਿੰਦਿਆ ਚੁਗਲ਼ੀ ਨਾ ਸੁਣੀਏ
ਕਦੇ ਕਰੀਏ ਨਾ ਹੰਕਾਰ।

ਕਿਰਨਾਂ ਬਣੋ ਚਾਨਣ ਦੀਆਂ
ਰੱਜ-ਰੱਜ ਵੰਡੋਂ ਪਿਆਰ
ਨੂੰਹਾਂ ਬਾਝੋਂ ਘਰ ਨਰਕ ਹੈ
ਨੂੰਹਾਂ ਬਾਝੋਂ ਇਹ ਵੰਸ਼ ਬੇਕਾਰ।

ਸੱਸੋ ਰੱਖੋ ਸੰਤੋਖ਼ ਪੱਲੇ ਬੰਨ੍ਹ ਕੇ
ਭਗਤ ਕਰੇ ਪਿਆ ਵਿਚਾਰ
ਸੱਚੀ ਗੁਰਬਾਣੀ ਵੀ ਆਖਦੀ
ਨਾਨਕ ਦੁਖੀਆ ਸਭ ਸੰਸਾਰ।

# ਮਹਿੰਗਾਈ

ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ
ਸੁਣ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ
ਮਹਿੰਗਾਈ! ਮਹਿੰਗਾਈ! ਮਹਿੰਗਾਈ! ਮਾਰ ਗਈ
ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ..........

ਆਲੂ-ਗੰਢਿਆਂ ਨੇ ਕਰ ਦਿਤਾ ਗੰਜਾ ਜੀ
ਦਾਲ ਮੱਖਣੀ ਨੇ ਬਣਾ ਦਿੱਤਾ ਭੈਂਗਾ ਜੀ
ਚਿੱਮਟੇ-ਵੇਲਣੇ ਦੀ ਲੜਾਈ ਮਾਰ ਗਈ
ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ..........

ਇਕੋ ਬੱਚੇ ਨੇ ਕੱਢ ਦਿਤਾ ਈ ਜਲੂਸ ਹੈ
ਕਹਿੰਦਾ ਮੇਰੀ ਮੰਮੀ-ਡੈਡੀ ਲੱਗਦੇ ਭੂਤ ਹੈ
ਅਸਾਨੂੰ ਤਾਂ ਮੋਗੇ ਵਾਲੀ ਤਾਈ ਮਾਰ ਗਈ
ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ..........

ਆਓ ਸਾਰੇ ਰਲ ਮਹਿੰਗਾਈ ਨੂੰ ਫੜੀਏ
ਚੰਗੇ ਦੇਸ਼ਾਂ ਦੀਆਂ ਨੀਤੀਆਂ ਨੂੰ ਘੜੀਏ
ਗੋਰੇ ਲੀਡਰਾਂ ਦੀ ਚਿਤਰਾਈ ਮਾਰ ਗਈ
ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ..........

ਲਗਦਾ ਗੀਤ 'ਰੋਟੀ-ਕਪੜਾ-ਮਕਾਨ' ਦਾ
ਇਹੀ ਗੰਭੀਰ ਮੁੱਦਾ ਮੇਰੇ ਹਿੰਦੂਸਤਾਨ ਦਾ
ਭਗਤੇ ਨੂੰ ਨੋਟਾਂ ਦੀ ਪਰਤਾਈ ਮਾਰ ਗਈ
ਹਾਏ ਉਏ! ਰੱਬਾ ਮੇਰਿਆ ਮਹਿੰਗਾਈ ਮਾਰ ਗਈ..........।

# ਇਕ ਭਰੂਣ

ਇਕ ਬਾਜ਼ ਪਹਾੜੋਂ ਦੇਖੇ
ਕੁੱਤੇ ਕੋਲੋਂ ਖੋਹਣ ਪਈਆਂ
ਇਕ ਭਰੂਣ ਦਾ ਟੁਕੜਾ
ਖ਼ੂਨੀ ਗਿਰਜਾਂ ਮਰ ਜਾਣੀਆਂ
ਸੱਪਾਂ ਨੇ ਘੇਰਾ ਪਾਇਆ
ਅੰਨ੍ਹੀਆਂ ਚੁਗਲਾਂ ਵੀ
ਉੱਚੀ ਕੂਕਣ ਕੁਲੈਹਿਣੀਆਂ।

ਘੁੱਗੀਆਂ ਤੇ ਚਿੜੀਆਂ
ਸਹਿਮ-ਸਹਿਮ ਪਈਆਂ ਬੋਲਣ
ਜਿਗਰੇ ਦੇਖੋ ਮਾਵਾਂ ਦੇ
ਕੋਇਲਾਂ ਤੇ ਤੋਤੀਆਂ ਉਦਾਸੀਆਂ
ਬੁੱਕ-ਬੁੱਕ ਅੱਥਰੂ ਦੇਖੋ
ਕ੍ਰਿਸ਼ਨ ਦੀਆਂ ਗਾਂਵਾਂ ਦੇ।

ਨੀਲ ਕੰਠ ਧੁਰ ਅੰਦਰੋਂ ਰੋਵੇ
ਹੱਥ ਜੋੜ ਕਰੇ ਅਰਜੋਈਆਂ
ਪਰਮੇਸ਼ਵਰ ਭਗਵਾਨ ਨੂੰ
ਮਹੱਲਾਂ ਤੇ ਗੋਲੇ ਕਬੂਤਰ ਕੋਸਣ
ਮਤਲਬੀ ਲਾਲਚੀ ਤੇ
ਖ਼ੂਨੀ ਦਰਿੰਦੇ ਇਨਸਾਨ ਨੂੰ।

## ਲਾਸ਼

ਕਾਲੀ ਮੱਸਿਆ
ਗਰਜਦੀ ਬਿਜਲੀ
ਘੁੱਪ ਹਨੇਰਾ।

ਬਾਬਲ ਦੀ ਧੀ
ਹਵਸ਼ੀਆਂ ਲੁੱਟੀ ਹੈ
ਕਹੇ ਸਵੇਰਾ।

ਦੇਖੇ ਆਲਮ
ਅਲਫ਼ ਨੰਗੀ ਲਾਸ਼
ਸੋਚੇ ਧਰਤੀ।

ਸੀਰੀ ਬਾਬਲ
ਕਿਸਮਤ ਨੂੰ ਕੋਸੇ
ਅੰਮੜੀ ਪਿੱਟੇ।

ਲਿਖੇ ਰਿਪਰੋਟਾਂ
ਗੂੰਗੀਆਂ ਜਮੀਰਾਂ ਜੀ
ਲੱਖ ਲਾਹਣਤਾਂ

ਮੇਰਾ ਭਾਰਤ
ਕੀ ਸੁੱਰਖਿਅਤ ਹੈ
ਪੜ੍ਹੋ ਅਖ਼ਬਾਰ ?

ਉਠੋ ! ਵੇ ਵੀਰੋ
ਨੂੰਹਾਂ-ਧੀਆਂ ਬਚਾਓ
ਕਹੇ ਭਗਤ।

# ਪ੍ਰਦੂਸ਼ਿਤ ਸ਼ਹਿਰ

ਇਕ ਪੰਛੀ ਬੋਲਦਾ ਡਾਲ 'ਤੇ
ਪ੍ਰਦੂਸ਼ਿਤ ਸ਼ਹਿਰ ਤੇਰਾ ਹੈ।

ਇਹ ਧੂੰਆਂ ਮਰਸੀਆ ਲਿਖੇ
ਪਾਣੀ ਦਾ ਵੀ ਰੋਗ ਵਡੇਰਾ ਹੈ।

ਸਮਾਰਟ ਸ਼ਹਿਰ ਰੌਲਾ-ਗੌਲਾ
ਇਹ ਰਾਜਨੀਤੀ ਦਾ ਘੇਰਾ ਹੈ।

ਰੁੱਖ ਲਗਾਓ, ਦੇਸ਼ ਬਚਾਓ
ਬਸ ਇਹੀ ਨਾਅਰਾ ਮੇਰਾ ਹੈ।

ਕਾਰਖਾਨੇ ਸ਼ਹਿਰੋਂ ਬਾਹਰ ਹੋਣ
ਸਭ ਲਈ ਭਲਾ ਵਸੇਰਾ ਹੈ।

ਸਿਹਤ ਸਾਫ਼ ਵਾਤਾਵਰਨ
ਇਹ ਸਾਡਾ ਸ਼ੁਭ ਸਵੇਰਾ ਹੈ।

'ਭਗਤਾ' ਪੰਛੀ ਅਰਜ਼ਾਂ ਕਰਦਾ
ਇਹ ਭਾਰਤ ਦੇਸ਼ ਵੀ ਮੇਰਾ ਹੈ।

## ਵੇ ਰਾਜਿਆ

ਮਹਿਕ ਮੇਰੇ ਵਤਨ ਦੀ
ਹੁਣ ਬਚਾਈ ਵੇ ਰਾਜਿਆ
ਗਾਜ਼ ਜਨੂੰਨ ਵਾਲੀ ਭੁੱਲਕੇ
ਨਾ ਚਲਾਈ ਵੇ ਰਾਜਿਆ

ਇਨ੍ਹਾਂ ਧੀਆਂ ਭੈਣਾਂ ਦੇ ਸੰਧੂਰ
ਹੁਣ ਬਚਾਈਂ ਵੇ ਰਾਜਿਆ
ਹੱਸਦੇ ਹਸਾਂਦੇ ਵਿਹੜਿਆਂ 'ਚ
ਵੈਣ ਨਾ ਪੁਆਈ ਵੇ ਰਾਜਿਆ

ਸੁੱਚੇ ਮੋਤੀਆਂ ਦੇ ਤੋਲ
ਖੜ ਕੇ ਤੁਲਾਈਂ ਵੇ ਰਾਜਿਆ
ਹੁਣ ਰਘੂਵੰਸ਼ੀਆਂ ਦੇ ਵਾਂਗ
ਕੇਸਰ ਪੁਆਈਂ ਵੇ ਰਾਜਿਆ

ਇਹ ਮਿੱਟੀ ਮੇਰੇ ਦੇਸ਼ ਦੀ ਨੂੰ
ਸਿਰ ਝੁਕਾਈ ਵੇ ਰਾਜਿਆ
'ਭਗਤ' ਨਿਮਾਣੇ ਦੀ ਅਰਜੋਈ ਨੂੰ
ਫੁੱਲ ਚੜਾਈ ਵੇ ਰਾਜਿਆ।

## ਫਾਈਲਾਂ

ਇਹ ਫਾਈਲਾਂ ਅਫ਼ਸਰਾਂ ਦੀਆਂ ਮੁਰਗ਼ੀਆਂ ਨੇ
ਇਹ ਫਾਈਲਾਂ ਬਿਨਾਂ ਦਾਣਿਓਂ ਨਾ ਟੁਰਦੀਆਂ ਨੇ।

ਇਹੋ ਤਾਂ ਇਕ ਘੁੱਗੀ ਦਾ ਘੀਚਾ-ਮੀਚਾ ਹੈ ਯਾਰੋ
ਆਵੇ ਨਾ ਤਨਖਾਹਾਂ ਖਾਤਿਆਂ 'ਚ ਜੁੜਦੀਆਂ ਨੇ।

ਗੁਰੂਆਂ ਦੀਆਂ ਫੋਟੋਆਂ ਥੱਲੇ ਬੈਠੇ ਫਨੀਅਰ
ਸੱਜਣ ਠੱਗਾਂ ਵਾਂਗਰਾਂ ਹੀ ਗੱਲਾਂ ਫੁਰਦੀਆਂ ਨੇ।

ਅੰਨਾ ਸੋਚੇ ਆਨ-ਲਾਈਨ ਹੈ ਜੇ ਭਾਰਤ ਸਾਰਾ
ਵੇ ਰੱਬਾ! ਫਸਾਉਂਦੇ ਕਾਇਰ ਮੁਰਗ਼ੀਆਂ ਨੇ?

ਮੂੰਹੀਂ ਬੁਰਕਾ ਪਾਉਂਦੇ ਸ਼ਰਮ ਪਿੱਟੇ ਰਾਣੀ ਖਾਂ
ਜਦ ਵੀ ਕਦੇ ਕਾਲੀਆਂ ਫਾਈਲਾਂ ਮੁੜਦੀਆਂ ਨੇ।

ਉਠੋ! ਜਾਗੋ! ਕਾਫ਼ਲਾ ਬਣਾਓ ਵੇ ਸ਼ੇਰੋ ਮੇਰਿਓ
ਕਿਉਂ ਨਾ ਕਬੂਤਰਾਂ ਵਾਂਗ ਅੱਖਾਂ ਖੁੱਲਦੀਆਂ ਨੇ।

ਭਾਰਤ ਮੇਰੇ ਨੂੰ ਬਚਾਲੋ ਵੇ! ਸੋਹਣੇ ਹੀਰਿਓ
ਇੱਥੇ ਅਰਬਾਂ ਹੀ ਪਾਕ ਜ਼ਮੀਰਾਂ ਝੂਰਦੀਆਂ ਨੇ।

# ਜਲ ਦਾ ਸੰਕਟ

ਉਠੋ! ਸੋਚੋ! ਸਭ ਰਲ਼ ਪਿਆਰੇ
ਜਲ ਦਾ ਸੰਕਟ ਮੌਤ ਪੁਕਾਰੇ।

ਕੁਲ ਧਰਤੀ ਬੰਜਰ ਹੋ ਜਾਵੇਗੀ
ਭੁੱਖ ਮਾਰੀ ਡੈਣ ਪਾਊ ਪੁਆੜੇ।

ਮੀਂਹ ਦੇ ਪਾਣੀ ਦੀ ਕਰੀਏ ਸੰਭਾਲ
ਖੂਹ-ਨਹਿਰਾਂ-ਤਲਾਬ ਭਰ ਲੋ ਸਾਰੇ।

ਸੰਜਮ ਨਾਲ ਦਵਾਈ-ਖਾਦਾਂ ਪਾਓ
ਬੀਮਾਰੀਆਂ ਅੱਜ ਕਰਨ ਇਸ਼ਾਰੇ।

ਪਾਣੀ ਵਿਦੇਸ਼ਾਂ ਤੋਂ ਜੇ ਮੰਗਣਾ ਪਿਆ
ਦੇਸ਼ ਵੀ ਗਹਿਣੇ ਪੈ ਜਾਊ ਸਰਕਾਰੇ।

ਬੂੰਦ ਬਚਾਉਣ ਦੀ ਆਦਤ ਪਾਈਏ
ਕਦੇ ਨਾ ਇਹ ਦਿਸਣਗੇ ਭੰਬੂ ਤਾਰੇ।

ਜਲ ਦਾ ਸੰਕਟ ਗੰਭੀਰ ਏ ਭਗਤਾ
ਆਓ ਹੱਲ ਕਰੀਏ ਬੈਠ ਕੇ ਸਾਰੇ।

# ਪੰਜਾਬਣ ਜੱਟੀ

ਅੱਜ ਪੰਜਾਬਣ ਜੱਟੀ ਆਈ ਵੇ
ਪਿੱਛੇ ਹੱਟ ਜਾ ਬਾਲਮਾ
ਹੁਣ ਪੰਜਾਬਣ ਜੱਟੀ ਆਈ ਵੇ
ਪਿੱਛੇ ਹੱਟ ਜਾ ਜਾਲਮਾ

ਰੂਪ ਮੇਰਾ ਚੰਨ ਤੋਂ ਸੋਹਣਾ
ਦੇਖਣ ਵਾਲੇ ਨੂੰ ਗਸ਼ ਪੈਂਦੀ
ਕਜ਼ਲਾ ਚਮਕੇ ਲੱਖਾਂ ਕੋਹਾਂ ਤੋਂ
ਮੈਂ ਹਨੇਰੇ 'ਚ ਦਿਸ ਪੈਂਦੀ
ਮੱਸਿਆ ਨੂੰ ਮੈਨੂੰ ਲੱਭਣ ਚੋਬਰ
ਪੁੰਨਿਆ ਨੂੰ ਹਲਵਾਈ ਵੇ
ਪਿੱਛੇ ਹੱਟ ਜਾ ਜਾਲਮਾ

ਇਹ ਦੇਖ ਸ਼ਿਮਲੇ ਦੀ ਕੁੜਤੀ
ਕਸ਼ਮੀਰੀ ਉਤੇ ਮਣਕੇ
ਜੱਟ ਕਰਨੇ ਨੂੰ ਫਿਰਦਾ ਕੁੜਕੀ
ਜਿੱਥੇ ਝਾਂਜਰ ਛਣਕੇ
ਇਹ ਸੁਨਹਿਰੀ ਜੁਲਫ਼ਾਂ ਨੇ
ਸਾਰੇ ਪਿੰਡ 'ਚ ਅੱਗ ਲਾਈ ਵੇ
ਪਿੱਛੇ ਹੱਟ ਜਾ ਜ਼ਾਲਮਾ

ਜਿੰਨੀਆਂ ਮਰਜ਼ੀ ਖਿੱਚ ਫੋਟਵਾਂ
ਲਵਾਂ ਇਕ ਨਾ ਪੈਸਾ
ਸਾਰੇ ਜੱਗ ਤੇ ਹੋਣ ਸ਼ੋਭਤਾਂ
ਹਰ ਕੋਈ ਰੂਪ ਮੇਰੇ ਦਾ ਪਿਆਸਾ
ਮਿਆਣੀ ਵਾਲੇ ਬੁੜ-ਬੁੜ ਕਰਦੇ
ਮੈਂ ਭਗਤ ਨੂੰ ਦਸ ਆਈ ਵੇ
ਪਿੱਛੇ ਹੱਟ ਜਾ ਜ਼ਾਲਮਾ।

## ਕੁੜੀਓ

ਆਲਮ ਬਣ ਗਿਆ ਨਾਦਰ ਕੁੜੀਓ
ਤੁਸੀਂ ਵੀ ਬਣੋ ਬਹਾਦਰ ਕੁੜੀਓ।

ਹੱਕ ਆਪਣੇ ਖੋਹਣੇ ਸਿਖ ਲਓ,
ਅਣਖ਼ ਦੀ ਲੈ ਕੇ ਚਾਦਰ ਕੁੜੀਓ।

ਚਾਰ-ਚੁਫੇਰੇ ਹਵਸੀ ਹਤਿਆਰੇ
ਜ਼ੁਲਮ ਦੀ ਛਣਕੇ ਗਾਗਰ ਕੁੜੀਓ।

ਰਾਜਾ ਕਾਣਾ ਸੰਤਰੀ-ਮੰਤਰੀ ਝੂਠੇ
ਰੱਖਵਾਲਾ ਲੱਗੇ ਨਾਜ਼ਰ ਕੁੜੀਓ।

ਨਾਨਕ-ਗੋਬਿੰਦ ਦੀ ਓਟ ਤੁਹਾਨੂੰ
ਚੜ੍ਹਦੀ ਕਲਾ 'ਚ ਆਦਰ ਕੁੜੀਓ।

ਪੱਗ ਬਾਬਲ ਦੀ ਨੂੰ ਕਰੋ ਸਲਾਮਾਂ
ਬਲ ਦੇਵੇਗਾ ਏ ਕਾਦਰ ਕੁੜੀਓ।

ਭਗਤਾ ਸਭ ਜੱਗ ਜ਼ਨਣੀ ਪੂਜਣ
ਹੁਣ ਹੋਵੇ ਨਾ ਨਿਰਾਦਰ ਕੁੜੀਓ।

# ਨਸ਼ਿਆਂ ਦੀ ਬਸਤੀ

ਇਹ ਨਸ਼ਿਆਂ ਦੀ
ਬਸਤੀ ਹੈ ਕਦੇ
ਨਵਾਂ ਯੁੱਧ
ਨਹੀਂ ਕਰ ਸਕਦੀ
ਇੱਥੇ ਦਾਰੂ–ਭੰਗ–ਚਰਸ
ਅਫ਼ੀਮ–ਚਿੱਟਾ–ਚਿਲਮ
ਤਮਾਕੂ–ਸਿਗਰਟ–ਬੀੜੀ
ਸ਼ਰੇਆਮ ਵਿਕਦਾ ਹੈ
ਮਨਚਲਿਆਂ ਦੀ
ਭੀੜ ਵਿਚ
ਕਿਸੇ ਮਾਂ ਦਾ
ਪੁੱਤ ਮਰ ਰਿਹਾ ਹੈ
ਕਿਸੇ ਦਾ ਸੁਹਾਗ
ਉਜੜ ਰਿਹਾ ਹੈ
ਕਿਸੇ ਭੈਣ ਦਾ ਵੀਰ
ਸੜ ਰਿਹਾ ਹੈ
ਅਫਸੋਸ!
ਇਹ ਵੋਟਾਂ ਵਾਲਾ
ਟੀਰਾ ਰਾਜਾ
ਬਿੱਟ–ਬਿੱਟ ਵੇਖ ਰਿਹਾ ਹੈ
ਉਹ ਜਾਣਦਾ ਹੈ
ਇਹ ਨਸ਼ਿਆਂ ਦੀ
ਬਸਤੀ ਹੈ
ਕਦੇ ਨਵਾਂ ਯੁੱਧ
ਨਹੀਂ ਕਰ ਸਕਦੀ?

## ਤੇਰਾ ਸ਼ਹਿਰ

ਤਿੱਤਲੀਆਂ ਤੇ ਜੁਗਨੂੰਆਂ ਰਾਤ ਨੂੰ ਸਜਾਇਆ ਹੈ
ਤੇਰੇ ਸ਼ਹਿਰ ਦੀ ਕਾਇਨਾਤ ਨੂੰ ਸਜਾਇਆ ਹੈ।

ਮਹਿਕ ਵਿਕਦੀ ਨਹੀਂ, ਮਹਿਕ ਦਿਸਦੀ ਨਹੀਂ,
ਮੁਫ਼ਤ ਵਿੱਚ ਹੀ ਤੇਰਾ ਸ਼ਹਿਰ ਮੁਸ਼ਕਾਇਆ ਹੈ।

ਸਾਗਰੀ ਛੱਲਾਂ ਜਿਵੇਂ ਬੁਛਾੜ ਕਰਨ ਹੀਰਿਆਂ ਦੀ,
ਚੌਦਵੀਂ ਦਾ ਚੰਨ ਜਿਵੇਂ ਜੋਬਨ ਤੇ ਆਇਆ ਹੈ।

ਰਾਤ ਦੀ ਰਾਣੀ ਕਹੇ ਮੇਰਾ ਅੱਜ ਹੀ ਨਿਕਾਹ ਹੈ,
ਮਸਤੀ ’ਚ ਪੰਤਗਿਆਂ ਨੇ ਸ਼ੋਰ ਮਚਾਇਆ ਹੈ।

ਹਰ ਇਕ ਤਾਰੇ ਤੇ ਨਾਮ ਤੇਰਾ ਹੀ ਲਿਖਿਆ,
ਧਰਤ ਤੇ ਮਾਮਲਾ ਇਸ਼ਕ ਦਾ ਗਰਮਾਇਆ ਹੈ।

ਪਿਆਸੇ ਦਿਲਾਂ ਤੇਰੇ ਸ਼ਹਿਰ ਅੱਜ ਮਿਲਣਾ ਈ,
ਅਰਸ਼ਾਂ ਤੋਂ ਪਰੀਆਂ ਦਾ ਫੁਰਮਾਨ ਆਇਆ ਹੈ।

ਭਗਤ ਦੀ ਜਵਾਨੀ ਤਾਂ ਬਾਈ–ਪਾਸ ਲੰਘ ਗਈ,
ਮਿਆਣੀ ’ਚ ਆਵੇ ਨਜ਼ਾਇਜ ਰੌਲਾ ਪਾਇਆ ਹੈ।

# ਇੱਕ ਬੱਚਾ

ਇਕ ਬੱਚਾ! ਇਕ ਬੱਚਾ!
ਇਕ ਬੱਚਾ ਹੋਣਾ ਚਾਹੀਦਾ
ਇਕ ਬੱਚਾ...........

ਕੁੜੀ ਹੋਵੇ ਜਾਂ ਮੁੰਡਾ ਹੋਵੇ
ਸੋਚ ਬਦਲਾਉਣਾ ਚਾਹੀਦਾ
ਇਕ ਬੱਚਾ...........

ਮਹਿੰਗਾਈ ਤੇ ਗ਼ਰੀਬੀ ਨੂੰ
ਰਲ਼ ਮਿਟਾਉਣਾ ਚਾਹੀਦਾ
ਇਕ ਬੱਚਾ................

ਅਨਪੜ੍ਹਤਾ-ਬੇਰੁਜ਼ਗਾਰੀ
ਜੜੋਂ ਮੁਕਾਉਣਾ ਚਾਹੀਦਾ
ਇਕ ਬੱਚਾ...........

ਸੁਣੋ ਉਏ ਲੋਕੋ ਆਓ ਸੋਚੋ
ਦੇਸ਼ ਮਹਾਨ ਹੋਣਾ ਚਾਹੀਦਾ
ਇਕ ਬੱਚਾ...........।

## ਵਸੇਬਾ

ਸੱਸ ਮਾਰੇ ਮਿਹਣੇ, ਨਨਾਣ ਮਾਰੇ ਬੋਲੀਆਂ
ਦਰਾਣੀ-ਜਠਾਣੀ ਵੇਖੇ ਘੂਰ-ਘੂਰ ਸੋਹਣਿਆ
ਵੇ ਹੁਣ ਹੋਣਾ ਨਾ ਵਸੇਬਾ
ਲੈ ਚੱਲ ਜੱਟੀ ਕਿਤੇ ਦੂਰ ਸੋਹਣਿਆ.........

ਭੋਲਾ-ਭਾਲਾ ਸਹੁਰਾ ਜੀ ਮਲੰਗ ਬਣ ਝਾਕਦਾ
ਮੇਰੇ ਵਾਂਗ ਉਹ ਵੀ ਤੰਗ ਜਿਹਾ ਜਾਪਦਾ
ਕਦੇ ਟੁੱਟਣਾ ਨਾ ਸੱਸ ਦਾ ਗਰੂਰ ਸੋਹਣਿਆ
ਵੇ ਹੁਣ ਹੋਣਾ ਨਾ ਵਸੇਬਾ
ਲੈ ਚੱਲ ਜੱਟੀ ਕਿਤੇ ਦੂਰ ਸੋਹਣਿਆ...........

ਜੇਠ ਤੇ ਦਿਉਰ ਦੋਵੇਂ ਜ਼ੀਰੋ ਬਣੇ ਲੱਗਦੇ
ਹਰ ਗੱਲ ਉੱਤੇ ਤੁਸੀਂ ਹੀਰੋ ਬਣ ਗੱਜਦੇ
ਰੋਜ਼ ਦਾ ਕਲੇਸ਼ ਮੈਨੂੰ ਨਾ ਮਨਜ਼ੂਰ ਸੋਹਣਿਆ
ਵੇ ਹੁਣ ਹੋਣਾ ਨਾ ਵਸੇਬਾ
ਲੈ ਚੱਲ ਜੱਟੀ ਕਿਤੇ ਦੂਰ ਸੋਹਣਿਆ...........

ਭਗਤ ਤਾਂ ਲਿਖੇ ਗੱਲਾਂ ਸੱਚੀਆਂ ਤੇ ਚੰਗੀਆਂ
ਲੋਕੋ ਸੱਸਾਂ ਵੀ ਕਦੇ ਤਾਂ ਨੂੰਹਾਂ ਸੀ ਹੁੰਦੀਆਂ
ਮਿਆਣੀ ਵਿੱਚ ਹੋ ਗਈ ਮਸ਼ਹੂਰ ਸੋਹਣਿਆ
ਵੇ ਹੁਣ ਹੋਣਾ ਨਾ ਵਸੇਬਾ
ਲੈ ਚੱਲ ਜੱਟੀ ਕਿਤੇ ਦੂਰ ਸੋਹਣਿਆ...........।

## ਸਾਵਣ ਆਇਆ

ਇਹ ਡਾਲਰਾਂ ਰੌਲਾ ਪਾਇਆ
ਨੀ ਸਹੀਓ
ਸਾਵਣ ਆਇਆ
ਸਾਵਣ ਆਇਆ

ਕੋਇਲਾਂ ਗੀਤ ਬਿਰਹਾ ਦਾ ਗਾਇਆ
ਨੀ ਸਹੀਓ
ਸਾਵਣ ਆਇਆ
ਸਾਵਣ ਆਇਆ

ਸਿੱਲ੍ਹੀ ਕਿਣ-ਮਿਣ ਦਿਲ ਤੜਫਾਇਆ
ਨੀ ਸਹੀਓ
ਸਾਵਣ ਆਇਆ
ਸਾਵਣ ਆਇਆ

ਇਹ ਚੂੜਾ ਚਮਕ ਨਾਲ ਟਕਰਾਇਆ
ਨੀ ਸਹੀਓ
ਸਾਵਣ ਆਇਆ
ਸਾਵਣ ਆਇਆ

ਮੇਰਾ ਪ੍ਰਦੇਸੀ ਢੋਲਾ ਨਾ ਮਿਲ ਪਾਇਆ
ਨੀ ਸਹੀਓ
ਸਾਵਣ ਆਇਆ
ਸਾਵਣ ਆਇਆ।

## ਵਣਜ਼

ਵਣਜ਼ ਤੇਜ਼ਾਬ ਦਾ ਮਾੜਾ ਸੁਣੀਦਾ
ਵੇ ਵੀਰਿਓ! ਭੈਣਾਂ ਨੂੰ ਲਓ ਬਚਾ
ਵਣਜ਼ ਤੇਜ਼ਾਬ ਦਾ ਮਾੜਾ ਸੁਣੀਦਾ
ਵੇ ਹੀਰਿਓ! ਭੈਣਾਂ ਨੂੰ ਲਓ ਬਚਾਅ।

ਹੱਕਾਂ ਲਈ ਅਸਾਂ ਨੂੰ ਖੜਣਾ ਪੈਣਾ
ਹੱਕਾਂ ਲਈ ਅਸਾਂ ਨੂੰ ਲੜਣਾ ਪੈਣਾ
ਇਹ ਪੱਗ ਬਾਬਲ ਦੀ ਕਦੇ ਝੁਕੇ ਨਾ
ਵੇ ਸੋਹਣਿਓ! ਭੈਣਾਂ ਨੂੰ ਲਓ ਬਚਾਅ।

ਵੰਗਾਂ ਅਸਾਂ ਨੂੰ ਲਾਹਉਣੀਆਂ ਪੈਣੀਆਂ
ਪੀਲੀਆਂ ਚੁੰਨੀਆਂ ਲੈਣੀਆਂ ਪੈਣੀਆਂ
ਇਹ ਪਾਪੀ ਬਾਜ਼ਾਂ ਨੂੰ ਦਿਓ ਉਡਾ
ਵੇ ਸੋਹਣਿਓ! ਭੈਣਾਂ ਨੂੰ ਲਓ ਬਚਾਅ।

ਭਗਤ ਕਹੇ ਹੁਣ ਬਣ ਜਾਓ ਸ਼ੇਰ ਵੀਰੋ
ਭਾਰਤ ਮੇਰੇ ਦੇ ਤੁਸੀਂ ਹੋ ਦਲੇਰ ਵੀਰੋ
ਜਿੰਦੜੀ ਦੇਸ਼ ਦੇ ਲੇਖੇ ਦਿਓ ਲਾ
ਵੇ ਵੀਰਿਓ! ਭੈਣਾਂ ਨੂੰ ਲਓ ਬਚਾਅ।

## ਲਾਲ ਬੱਤੀ

ਪੀਲੀ ਬੱਤੀ ਕਹੇ ਤਿਆਰ ਹੋ ਪਿਆਰੇ
ਹਰੀ ਬੱਤੀ ਕਹੇ ਚੱਲ ਪਓ ਪਿਆਰੇ
ਲਾਲ ਬੱਤੀ ਕਹਿੰਦੀ
ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲੀ ਰੁਕ ਬੰਦਿਆ
ਰੁਕ-ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲ਼ੀ ਰੁਕ ਬੰਦਿਆ!

ਦੇਸ਼ ਦਾ ਕਨੂੰਨ ਸਦਾ ਖੱਬੇ ਹੱਥ ਚਲੀਏ
ਸੱਜੇ ਹੱਥ ਦੀ ਕਦੇ ਸੜਕ ਨਾ ਮੱਲੀਏ
ਓਵਰ-ਟੇਕ ਦੀ ਕਰ ਸਹੀ ਲੁੱਕ ਬੰਦਿਆ
ਲਾਲ ਬੱਤੀ ਕਹਿੰਦੀ
ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲ਼ੀ ਰੁਕ ਬੰਦਿਆ
ਰੁਕ-ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲ਼ੀ ਰੁਕ ਬੰਦਿਆ!

ਮੁੱਕ ਜਾਊ ਹਾਦਸੇ ਖੁਸ਼ ਰਹੂ ਪਰਿਵਾਰ
ਭਗਤ ਬਰਥ-ਡੇ ਮਨਾਉ ਹਰ ਨਵੇਂ ਸਾਲ
ਬੀਮਾ ਕਰਵਾ ਕੇ ਡਰਾਈਵਿੰਗ ਸਿਖ ਬੰਦਿਆ
ਲਾਲ ਬੱਤੀ ਕਹਿੰਦੀ
ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲ਼ੀ ਰੁਕ ਬੰਦਿਆ
ਰੁਕ-ਰੁਕ-ਰੁਕ ਜਰਾ ਰੁਕ ਬੰਦਿਆ
ਕਰ ਨਾ ਕਾਹਲ਼ੀ ਰੁਕ ਬੰਦਿਆ!

# ਸੈਂਸਰ

ਸੁਕਰਾਤ ਦੇ ਜ਼ਹਿਰ ਦੀ
ਇਕ ਬੂੰਦ
ਸੁਫ਼ਨੇ 'ਚ ਬੋਲੀ
ਤੇਰੀ ਕਵਿਤਾ ਦਾ
ਸ਼ਬਦ-ਸ਼ਬਦ
ਸ਼ੈਂਸਰ
ਕੀਤਾ ਜਾ ਰਿਹਾ ਹੈ
ਫਿਰ ਵੀ
ਲਿਖਦਾ ਏ
ਅਬਲਾ ਤੇ ਬੇਵਸ
ਔਰਤਾਂ ਲਈ
ਤੇਰੀ ਖੱਲੜੀ ਨੂੰ
ਮੌਤ ਦਾ
ਡਰ ਨਹੀਂ ਲੱਗਦਾ
ਮੈਂ ਸਹਿਜੇ
ਹੀ ਕਿਹਾ
ਮੇਰਾ ਵਾਅਦਾ ਹੈ
ਜ਼ਿੰਦਗੀ ਨਾਲ
ਨਾਰੀਵਾਦ
ਦੀ ਸ਼ਕਤੀ ਲਈ
ਅਰਥੀ ਤੀਕ ਲੜਾਂਗਾ।

## ਹੋਸ਼ ਕਰੋ

ਕੁੜੀਆਂ ਨੂੰ ਮਾਰਨ ਵਾਲਿਓ
ਕੁਝ ਹੋਸ਼ ਕਰੋ
ਕਿੱਥੋਂ ਨੂੰਹਾਂ ਆਉਣਗੀਆਂ
ਕੁਝ ਸੋਚ ਕਰੋ...........

ਕੁੜੀਆਂ ਨੂੰ ਸਾੜਣ ਵਾਲਿਓ
ਕੁਝ ਸੰਕੋਚ ਕਰੋ
ਕਿਥੋਂ ਨੂੰਹਾਂ ਆਉਣਗੀਆਂ
ਕੁਝ ਸੋਚ ਕਰੋ...........

ਕੁੜੀਆਂ ਉਜਾੜਣ ਵਾਲਿਓ
ਕੁਝ ਰੋਸ ਕਰੋ
ਕਿਥੋਂ ਨੂੰਹਾਂ ਆਉਣਗੀਆਂ
ਕੁਝ ਸੋਚ ਕਰੋ...........

ਆਓ ਮਿਆਣੀ ਵਾਲਿਓ
ਕੁਝ ਘੋਖ ਕਰੋ
ਕਿਥੋਂ ਨੂੰਹਾਂ ਆਉਣਗੀਆਂ
ਕੁਝ ਸੋਚ ਕਰੋ...........।

## ਦੂਨੀਆਂ ਵਾਲਿਓ

ਨੂੰਹਾਂ ਨੂੰ ਦਿਓ ਸਤਿਕਾਰ
ਉਏ! ਦੁਨੀਆਂ ਵਾਲਿਓ
ਨੂੰਹਾਂ ਨੂੰ ਕਰੋ ਪਿਆਰ
ਉਏ! ਦੁਨੀਆਂ ਵਾਲਿਓ

ਇਹਨਾਂ ਬਾਝੋ ਵੰਸ਼ ਅਧੂਰਾ
ਇਹਨਾਂ ਬਾਝੋਂ ਹਰ ਕਾਜ ਅਧੂਰਾ
ਧੀਆਂ ਵਾਂਗਰ ਕਰੋ ਪਿਆਰ

ਇਹਨਾਂ ਬਾਝੋਂ ਸੁੰਨੇ ਵਿਹੜੇ
ਇਹਨਾਂ ਬਾਝੋਂ ਨਾ ਸੱਜਣ ਖੇੜੇ
ਧੀਆਂ ਸਮਝੋ ਸਭ ਪਰਿਵਾਰ

ਧੀਆਂ ਵਾਂਗਰ ਮਾਣ ਦਿਓ ਜੀ
ਧੀਆਂ ਵਾਂਗਰ ਸ਼ਾਨ ਦਿਓ ਜੀ
ਸਦਾ ਕਰੀਏ ਪਰਉਪਕਾਰ

ਅੱਜ ਨੂੰਹਾਂ ਤਾਂ ਪਟਰਾਣੀਆਂ ਨੇ
ਪੋਤਿਆਂ ਦੀਆਂ ਮਾਂ ਰਾਣੀਆਂ ਨੇ
ਭੁੱਲ ਕੇ ਵੀ ਨਾ ਕਰੋ ਇਜ਼ਹਾਰ

ਲੋਕੋ ਨੂੰਹਾਂ ਬੱਬਰ ਸ਼ੇਰਨੀਆਂ ਨੇ
ਭਾਰਤ ਦੀਆਂ ਦਲੇਰਨੀਆਂ ਨੇ
ਮਿਆਣੀ ਵਾਲਾ ਪਾਵੇ ਗੁਹਾਰ।

# ਨੇਤਰਦਾਨ

ਨੇਤਰਦਾਨ।
ਉੱਤਮ ਦਾਨ।

ਰੋਸ਼ਨੀ ਵੰਡੋ।
ਬਣੋ ਮਹਾਨ।

ਇਹ ਜੀਵਨ
ਕਰੋ ਕੁਰਬਾਨ।

ਫਾਰਮ ਭਰੋ
ਮਿਲੇਗੀ ਸ਼ਾਨ।

ਤੇਰੇ ਨੇਤਰ
ਦੇਖੇ ਜਹਾਨ।

ਨੂੰਹ ਰਾਣੀਓ
ਲੈ ਲਓ ਮਾਣ।

ਸਾਡਾ ਭਾਰਤ
ਬਣੇ ਮਹਾਨ।

## ਗਾਓ ਨੀ ਕੁੜੀਓ

ਸਭ ਰਲ਼ਕੇ ਅੰਬਰੀਂ ਪੀਘਾਂ ਪਾ ਦੇਈਏ
ਅੱਜ ਨੱਚ-ਨੱਚ ਧਰਤ ਹਿਲਾ ਦੇਈਏ
ਆਓ ਨੀ ਕੁੜੀਓ! ਗਾਓ ਨੀ ਕੁੜੀਓ!
ਆਓ ਨੀ ਕੁੜੀਓ! ਗਾਓ ਨੀ ਕੁੜੀਓ!

ਦਿਲ ਧੜਕਣ ਇਹ ਸੁਣ-ਸੁਣ ਗੂੰਜਾਂ
ਚੰਨ ਵੀ ਦੇਖੇ ਇਹ ਨੱਚਦੀਆਂ ਕੂੰਜਾਂ
ਆਓ ਨੀ ਅੜੀਓ! ਗਾਓ ਨੀ ਅੜੀਓ!
ਆਓ ਨੀ ਅੜੀਓ! ਗਾਓ ਨੀ ਅੜੀਓ!

ਇਕ ਗੀਤ ਪਿਆਰ ਦਾ ਗਾ ਚਲੀਏ
ਅੱਜ ਸਭ ਰੁੱਠੜੇ ਯਾਰ ਮਨਾ ਚਲੀਏ
ਆਓ ਨੀ ਸਖੀਓ! ਗਾਓ ਨੀ ਸਖੀਓ!
ਆਓ ਨੀ ਸਖੀਓ! ਗਾਓ ਨੀ ਸਖੀਓ!

ਚਾਰੋ ਕੂੰਟੀ ਮਹਿਕ ਐ ਪੰਜ-ਆਬ ਦੀ
ਸਦਾ ਮੰਗੀਏ ਖੈਰ ਐ ਦੇਸ਼ ਪੰਜਾਬ ਦੀ
ਆਓ ਨੀ ਸਹੀਓ! ਗਾਓ ਨੀ ਸਹੀਓ!
ਆਓ ਨੀ ਸਹੀਓ! ਗਾਓ ਨੀ ਸਹੀਓ!

## ਨੀ ਅੰਮੜੀਏ

ਅੱਜ ਸੁੰਨਾ-ਸੁੰਨਾ ਲੱਗੇ ਵਿਹੜਾ
ਨੀ ਅੰਮੜੀਏ।
ਗੁੰਮ ਹੋ ਗਿਆ ਚਰਖਾ ਤੇਰਾ
ਨੀ ਅੰਮੜੀਏ।

ਹਾਣ ਦੀਆਂ ਟੁਰ ਗਈਆਂ ਸਹੁਰੇ
ਨੀ ਅੰਮੜੀਏ।
ਹੁਣ ਲੱਭਣ ਨਾ ਰੂੰ ਦੇ ਗੋਹੜੇ
ਨੀ ਅੰਮੜੀਏ।

ਕੋਈ ਪਿੱਪਲੀ ਪੀਘਾਂ ਨਾ ਪਾਵੇ
ਨੀ ਅੰਮੜੀਏ
ਕੋਈ ਤ੍ਰਿਝਣਾਂ 'ਚ ਨਾ ਗਾਵੇ
ਨੀ ਅੰਮੜੀਏ।

ਬਾਂਗੀ ਨਾ ਰਿੜਕਣਾ ਪਾਵੇ
ਨੀ ਅੰਮੜੀਏ।
ਕੋਈ ਨਾ ਸੱਚੇ ਰੱਬ ਨੂੰ ਧਿਆਵੇ
ਨੀ ਅੰਮੜੀਏ।

ਤੇਰੀ ਬੇਰੀ ਦੇ ਬੇਰ ਝੜ ਗਏ
ਨੀ ਅੰਮੜੀਏ।
ਗੁਲਾਬ ਬਿੰਨ ਪਾਣੀਓਂ ਸੜ ਗਏ
ਤੇਰੇ ਨੀ ਅੰਮੜੀਏ।

ਅੱਜ ਲੱਭੇ ਨਾ ਪੰਜਾਬੀ ਬਾਣਾ
ਨੀ ਅੰਮੜੀਏ।
ਭਗਤਾ ਉਲਝ ਗਿਆ ਤਾਣਾ
ਨੀ ਅੰਮੜੀਏ।

# ਨਕਲੀ ਵਸੀਹਤਾਂ

ਨਕਲੀ ਅਗੂੰਠੇ, ਨਕਲੀ ਵਸੀਹਤਾਂ
ਕਰ ਲਈ ਨਾਮ ਜ਼ਮੀਨ ਸ਼ਰੀਕਾਂ।

ਖ਼ੂਨੀ ਰਿਸ਼ਤੇ ਭੂੱਲ-ਭਲੀਇਆ
ਵੀਰ ਨੇ ਇੰਗਲੈਂਡ ਅਮਰੀਕਾ।

ਦੂਜੀ ਪੀੜ੍ਹੀ ਕਹਿਰ ਕਮਾਇਆ
ਪਹਿਲੀ ਪੂੱਜੇ ਮੰਦਰ ਮਸੀਤਾਂ।

ਸਾਨੂੰ ਤਾਂ ਸਮਝ ਲਿਆ ਪ੍ਰਵਾਸੀ
ਅਸੀਂ ਤਾਂ ਮੌਹ ਭਰੀਆਂ ਉਡੀਕਾਂ।

ਪ੍ਰਵਾਸੀ ਭਾਰਤ ਦੀ ਜਾਨ ਭਗਤਾ
ਸਾਡੀ ਮਾਂ ਦਾ ਹੀ ਦੁੱਧ ਪੀਤਾ।

ਕੁੱਝ ਹੋਸ਼ ਕਰੋ ਮਾਂ ਦੇ ਜ਼ਣਿਓ
ਕਦੇ ਨਾ ਕਰੀਏ ਨਕਲੀ ਵਸੀਹਤਾਂ।

ਸੁੱਚੇ ਰਿਸ਼ਤੇ 'ਤੇ ਵਿਸ਼ਵਾਸ ਕਰੋ
ਪਾਣੀ ਤੇ ਕਦੇ ਵੱਜਣ ਨਾ ਲੀਕਾਂ।

# ਕਾਕਾ

ਇਹ ਕਾਕਾ, ਨਿਰਾ ਪਟਾਕਾ ਏ
ਨੀ ਅੰਮੀਏ
ਮੰਗਦਾ ਈ ਘਿਉ ਦੀਆਂ ਚੂਰੀਆਂ।

ਇਹਦਾ ਚਾਚਾ, ਨਿਰਾ ਪਤਾਸਾ ਏ
ਨੀ ਅੰਮੀਏ
ਮੰਗਦਾ ਈ ਮੰਗਦਾ ਈ ਦੋ-ਦੋ ਬੂਰੀਆਂ।

ਇਹਦਾ ਤਾਇਆ ਬੜਾ ਲੜਾਕਾ ਏ
ਨੀ ਅੰਮੀਏ
ਮੰਗਦਾ ਈ ਨਿੱਤ ਕੜਾਹ ਤੇ ਪੂੜੀਆਂ।

ਇਹ ਬਾਬਾ, ਨਿਰਾ ਰਾਸ-ਤਮਾਸ਼ਾ ਏ
ਨੀ ਅੰਮੀਏ
ਮੰਗਦਾ ਈ ਸੋਨੇ ਦੀਆਂ ਪੌੜੀਆਂ।

ਇਹਦਾ ਪਾਪਾ, ਨਟ-ਖਾਟਾ ਏ
ਨੀ ਅੰਮੀਏ
ਮੰਗਦਾ ਈ ਹੁਣ ਦੋ-ਦੋ ਜੋੜੀਆਂ।

## ਜੰਗ

ਹੱਕਾਂ ਦੀ ਜੰਗ
ਸਮੇਂ ਦੀ ਮੰਗ।

ਲਾਹ ਕੇ ਵੰਗ
ਤੇਗ ਨੂੰ ਰੰਗ।

ਰਾਜਾ ਤੇ ਨੰਗ
ਝੂਠਾਂ ਦੀ ਪੰਡ।

ਚੰਡੀ ਦਾ ਸੰਗ
ਕਰਦੇ ਝੰਡ।

ਮੋਹ ਦੀ ਤੰਦ
ਹੋਵੇ ਨਾ ਭੰਗ।

ਫੜ ਕੇ ਦੰਭ
ਸੂਲੀ ਤੇ ਟੰਗ।

ਧੀਆਂ ਦੇ ਸੰਗ
ਨਵੀਂ ਉਮੰਗ।

## ਹੁਬਕਾਂ

ਇਕ ਸ਼ਾਲੂ ਪਿਆ ਰੋਵੇ
ਹੁਬਕਾਂ ਮਾਰ-ਮਾਰ ਕੇ
ਕੀ ਧੀਆਂ ਦਾ ਜਿਊਣਾ?
ਇਕ ਬਾਜ਼ ਉੱਡਿਆ
ਗੋਰਾ ਰੰਗ ਸਾੜ ਕੇ
ਕੀ ਧੀਆਂ ਦਾ ਜਿਊਣਾ?
ਵੇ ਧਰਮੀ ਰਾਜਿਆ
ਤੇਰੀ ਧਰਤ ਤੇ
ਕੀ ਧੀਆਂ ਦਾ ਜਿਊਣਾ?

ਇਕ ਚੂੜਾ ਪਿਆ ਰੋਵੇ
ਹੁਬਕਾਂ ਮਾਰ-ਮਾਰ ਕੇ
ਕੀ ਧੀਆਂ ਦਾ ਜਿਊਣਾ?
ਮੇਰੇ ਵੀਰੇ ਸੌ ਗਏ
ਚਾਦਰ ਤਾਣ ਕੇ
ਵੇ ਧਰਮੀ ਬਾਬਲਾ
ਤੇਰੀ ਧਰਤ ਤੇ
ਕੀ ਧੀਆਂ ਦਾ ਜਿਊਣਾ?

ਇਕ ਕਲੀਰਾ ਪਿਆ ਰੋਵੇ
ਹੁਬਕਾਂ ਮਾਰ-ਮਾਰ ਕੇ
ਕੀ ਧੀਆਂ ਦਾ ਜਿਊਣਾ?
ਫੜੋ ਤੇਜ਼ਾਬ ਦਾ ਦੋਸ਼ੀ
ਬੈਠੋ ਨਾ ਵੀਰੋ ਹਾਰ ਕੇ
ਕੀ ਧੀਆਂ ਦਾ ਜਿਊਣਾ?
ਵੇ ਧਰਮੀ ਰਾਜਿਆ
ਤੇਰੀ ਧਰਤ ਤੇ
ਕੀ ਧੀਆਂ ਦਾ ਜਿਊਣਾ?

## ਤਲਾਕ

ਮਾਨਯੋਗ
ਜੱਜ ਨੇ
ਨਿਆਂ
ਦੀ ਕੁਰਸੀ ’ਤੇ
ਬੈਠਦੇ ਕਿਹਾ
ਦੋਨੋਂ
ਪਤੀ-ਪਤਨੀ ਨੂੰ
ਇਕ-ਇਕ
ਕੁੜੀ
ਦਿੱਤੀ ਜਾਂਦੀ ਹੈ
ਦੋਹਨਾਂ
ਮਸੂਮ ਭੈਣਾਂ ਨੇ
ਭੁੱਬਾਂ
ਮਾਰ ਘੁੱਟ
ਗਲਵੱਕੜੀ ਪਾਈ
ਜੀਕਣ
ਚੰਦਰੇ ਤਲਾਕ ਨੇ
ਭਾਰਤੀ
ਸੰਵਿਧਾਨ ਦਾ
ਔਰਤ
ਜਾਤ ਨੂੰ
ਕੋਝਾ ਅਤੇ ਅਸਹਿ
ਫੈਸਲਾ
ਸੁਣਾਇਆ ਹੋਵੇ।

# ਵਣਜਾਰਾ

ਪਿੰਡ ਦੀ ਫਿਰਨੀ-ਫਿਰਨੀ ਘੁੰਮੇ ਵਣਜਾਰਾ
ਸੱਸੇ ਨੀ ਚੜਾਦੇ ਚੂੜੀਆਂ
ਨੂੰਹ-ਸੱਸ ਦੀ ਪ੍ਰੀਤ ਦੇਖੂ ਜੱਗ ਸਾਰਾ
ਸੱਸੇ ਨੀ ਚੜਾਦੇ ਚੂੜੀਆਂ...........

ਲਾਲ ਸੂਹੀਆਂ ਚੂੜੀਆਂ ਦਿਲ ਲੁੱਟਿਆ
ਇੰਨ੍ਹਾਂ ਵਿਚ ਮਾਹੀ ਦਾ ਪਿਆਰ ਛੁਪਿਆ
ਛਣ-ਛਣ ਹੋ ਜਾਊ ਪਿੰਡ ਸਾਰਾ
ਸੱਸੇ ਨੀ ਚੜਾਦੇ ਚੂੜੀਆਂ...........

ਇਹ ਗੋਰੀਆਂ ਬਾਹਾਂ ਕਰਨ ਕਕੋਲਾਂ ਜੀ
ਮਿਹਣੇ ਮਾਰ ਦੀਆਂ ਬਾਗ਼ੀਂ ਕੋਇਲਾਂ ਜੀ
ਸਿਫ਼ਤਾਂ  ਕਰੂਗਾ ਸ਼ਰੀਕਾ ਸਾਰਾ
ਸੱਸੇ ਨੀ ਚੜਾਦੇ ਚੂੜੀਆਂ...........

ਚੂੜੀਆਂ ਤਾਂ ਸੁਹਾਗ ਦੀ ਨਿਸ਼ਾਨੀਆਂ ਨੇ
ਇਨ੍ਹਾਂ ਬਾਝੋਂ ਕਾਹਦੀਆਂ ਜਵਾਨੀਆਂ ਨੇ
ਧਮਾਲਾਂ ਦੇਖੂਗਾ ਮਿਆਣੀ ਵਾਲਾ
ਸੱਸੇ ਨੀ ਚੜਾਦੇ ਚੂੜੀਆਂ...........।

## ਸੋਨੇ ਦਾ ਕੈਂਠਾ

ਸੁਣ ਬੁੱਢਿਆ, ਸੁਣ ਬੁੱਢੀਏ
ਆਉਂਦੇ ਸਾਲ ਘਰ ਪੋਤਾ ਆਉਣਾ
ਅਸਾਂ ਸੋਨੇ ਦਾ ਕੈਂਠਾ ਲੈਣਾ
ਸੁਣ ਬੁੱਢਿਆ, ਸੁਣ ਬੁੱਢੀਏ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਮੁੰਡਿਆ, ਸੁਣ ਨੂਹੇਂ
ਆਉਂਦੇ ਸਾਲ ਘਰ ਪੁੱਤ ਆਉਣਾ
ਦੇਖੋ ਨਾ ਬੈੜਾ-ਬੈੜਾ
ਭਾਵੇਂ ਵੇਚੋ ਬੁੱਢੇ-ਬੁੱਢੀ ਦਾ ਵਿਛੋਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਤਾਈਏ, ਸੁਣ ਤਾਇਆ
ਆਉਂਦੇ ਸਾਲ ਘਰ ਪੋਤਰਾ ਆਉਣਾ
ਦੇਖੋ ਨਾ ਟੀਰਾ-ਟੀਰਾ
ਤੁਹਾਡੇ ਅੱਖਾਂ 'ਤੇ ਲੈਂਨਜ਼ ਪਾ ਕੇ ਜਾਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਚਾਚਾ, ਲੱਗੇ ਪਟਾਕਾ
ਆਉਂਦੇ ਸਾਲ ਘਰ ਭਤੀਜਾ ਆਉਣਾ
ਦੇਖ ਨਾ ਮੀਣਾ-ਮੀਣਾ
ਐਸ਼ਵਰਿਆ ਨਾਲ ਪੇਚਾ ਪਾ ਕੇ ਜਾਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਫੁੱਫੜਾ, ਬੁੱਢੇ ਕੁੱਕੜਾ
ਆਉਂਦੇ ਸਾਲ ਘਰ ਪੋਤਰਾ ਆਉਣਾ
ਐਵੇਂ ਝਾਕ ਨਾ ਭੈੜਾ-ਭੈੜਾ
ਹੇਮਾ-ਮਾਲਿਨੀ ਦਾ ਫੋਨ ਕਰਾਉਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਮਾਮਾ, ਪੁੱਠਾ ਪਜਾਮਾ
ਆਉਂਦੇ ਸਾਲ ਘਰ ਪੋਤਰਾ ਆਣਾ
ਐਵੇਂ ਝਾਕ ਨਾ ਗੈਰਾ-ਗੈਰਾ
ਤੇਰੇ ਪੰਜਾਮਾ ਸਿੱਧਾ ਕਰਕੇ ਜਾਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........

ਸੁਣ ਭਗਤਾ, ਦੇਖ ਭਗਤਾ
ਆਉਂਦੇ ਸਾਲ ਘਰ ਪੋਤਰਾ ਆਣਾ
ਅਸਾਂ ਤਾਂ ਕਿੰਗਰਾਂ ਨੇ
ਘਰ ਨਿੱਤ-ਨਿੱਤ ਨਹੀਂਓ ਆਉਣਾ
ਅਸਾਂ ਕੈਂਠਾ ਸੋਨੇ ਦਾ ਲੈਣਾ..........।

## ਸੱਸਾਂ-ਨੂੰਹਾਂ ਦੀ ਕਹਾਣੀ

ਸੱਸਾਂ ਨੂੰਹਾਂ ਦੀ
ਕਦੇ ਹੋਵੇ ਨਾ ਲੜਾਈ
ਉਏ ਰੱਬਾ!
ਮੋਹ ਤੇ ਪਿਆਰ ਵੰਡ ਦੇ।

ਜੇ ਸੱਸਾਂ ਹੋਣ ਪਤਾਸੇ
ਨੂੰਹਾਂ ਵੰਡੀ ਜਾਣ ਹਾਸੇ
ਸਵਰਗ ਬਣਜੂੰ ਇਹ ਖ਼ੁਦਾਈ
ਉਏ ਰੱਬਾ!
ਮੋਹ ਤੇ ਇਕਰਾਰ ਵੰਡ ਦੇ।

ਪੁੱਤ ਮਾਂਵਾਂ ਦੀ ਜਾਨ
ਨੂੰਹਾਂ ਹੋਣ ਕੁਰਬਾਨ
ਦੋਹਾਂ ਪੁੜਾਂ 'ਚ ਪੀਸੀ ਨਾ ਮਾਹੀ
ਉਏ ਰੱਬਾ!
ਮੋਹ ਤੇ ਸ਼ਿੰਗਾਰ ਵੰਡ ਦੇ।

ਭਗਤ ਬੈਠ ਕੇ ਮਿਆਣੀ
ਲਿਖੇ ਸੱਸਾਂ-ਨੂੰਹਾਂ ਦੀ ਕਹਾਣੀ
ਸੁਣੇ ਸਾਰੀ ਇਹ ਖ਼ੁਦਾਈ
ਉਏ ਰੱਬਾ!
ਮੋਹ ਤੇ ਵਿਚਾਰ ਵੰਡ ਦੇ।

# ਰਾਤ ਦੀ ਬਰਾਤ

ਸਾਡੀ ਹੱਡ ਬੀਤੀ ਸੁਣਿਓ ਜੀ
ਇਕ ਵਾਰ ਰਾਤ ਦੀ ਬਰਾਤ ਸੀ
ਕੁਦਰਤ ਵੱਲੋਂ ਉਸ ਦਿਨ ਵੀ
ਮੌਲਾਧਾਰ ਦੀ ਬਰਸਾਤ ਸੀ
ਕੱਟ ਲੱਗ ਗਈ ਬਿਜਲੀ ਦੀ
ਡੱਡੂਆਂ ਦੀ ਗ੍ਰੈਅ-ਗ੍ਰੈਅ ਵਿਚ
ਲੱਗੀ ਉੱਲੂਆਂ ਦੀ ਜਮਾਤ ਸੀ
ਸਾਰੇ ਪਾਸੇ ਹਨੇਰਾ ਹੀ ਹਨੇਰਾ
ਕੁੱਤੇ ਬਿੱਲੀਆਂ ਦੀ ਨਜ਼ਾਤ ਸੀ।

ਦੇਖੋ ਮੁੰਡੇ ਦਾ ਡੈਡੀ ਸਾਹਿਬ
ਤਿਲਕ ਕੇ ਲੱਤ ਤੁੜਾ ਬੈਠਾ
ਭਾਨ ਦੀ ਗੁੱਥਲੀ ਫੜ੍ਹੀ ਰੱਖੀ
ਨੋਟਾਂ ਵਾਲਾ ਪਰਸ ਗਵਾ ਬੈਠਾ
ਨਾਭੀ ਪੱਗ ਕੱਛਾਂ ਵਿਚ ਲਾਈ
ਗਾਰੇ ਨਾਲ ਪੈਂਟ ਭਰਵਾ ਬੈਠਾ
ਭਿੱਜੀ ਬਿੱਲੀ ਵਾਂਗ ਦੇਖੇ ਤਾਰੇ
ਐਬੂੰਲੈਂਸ ਸੀਟ 'ਤੇ ਆ ਬੈਠਾ।

ਘਰ ਵਾਲਿਆਂ ਦੀ ਬਰਸਾਤ 'ਚ
ਰੁੱੜ ਗਏ ਪਤੀਲੇ-ਥਾਲੀਆਂ ਜੀ
ਕੋਟ-ਕਪੂਰੇ ਵਾਲੀ ਭੂਆ ਜੀ
ਗਵਾ ਬੈਠੀ ਕਿਤੇ ਵਾਲੀਆਂ ਜੀ
ਫੁੱਫੜ ਨੂੰ ਜੀਜਾ ਸਮਝ ਕੇ
ਬੈਠੀਆਂ ਫੜ ਕੇ ਸਾਲੀਆਂ ਜੀ
ਦੇਵੇ ਕੰਨਾਂ 'ਚ ਰੂੰ ਹਰ ਕੋਈ
ਗਾਲਾਂ ਸੁਣ ਕੇ ਕਰਾਰੀਆਂ ਜੀ।

ਯਾਰੋ ਮੁੰਡੇ ਦੇ ਮਾਮਾ ਸ੍ਰੀ ਜੀ ਨੇ
ਕਿਤੋਂ ਮੂੰਹ ਕਾਲਾ ਕਰਵਾ ਲਿਆ

ਬਿਨ੍ਹਾਂ ਬੂਟਾਂ ਪਾਈਆਂ ਜੁਰਾਬਾਂ
ਘੜੀ ਵੀ ਕਿਸੇ ਨੂੰ ਫੜ੍ਹਾ ਗਿਆ
ਐਨਕਾਂ ਜੇਬ 'ਚ ਚੂਰ ਹੋਈਆਂ
ਟਾਈ ਪਿੱਠ 'ਤੇ ਲਮਕਾ ਗਿਆ
ਇਸ ਸਮੇਂ ਮਾਮੇ ਦੀ ਲੋੜ ਸੀ
ਮਾਮਾ ਰੱਕੜੇ ਗੋਤੇ ਖਾ ਗਿਆ।

ਬੱਦਲ ਗਿਆ, ਦਿਨ ਚੜ੍ਹਿਆ
ਸਾਰੇ ਖੁਸ਼ੀ ਮਨਾਉਣ ਲੱਗੇ
ਘਰਦਿਆਂ ਕਿਹਾ ਮੁਆਫ਼ ਕਰੋ
ਅਸੀਂ ਖਾਣਾ ਬਣਾਉਣ ਲੱਗੇ
ਭੁੱਖ ਨਾਲ ਪਈ ਜਾਨ ਨਿਕਲੇ
ਬੱਚੇ ਮਾਵਾਂ ਧਮਕਾਉਣ ਲੱਗੇ
ਵੰਡੇਂ ਲੱਡੂ ਅਤੇ ਢੋਲ ਵੱਜੇ
ਮਰਾਸੀ ਵਿਹੜੇ ਗਾਉਣ ਲੱਗੇ।

ਮੁੰਡਾ ਭੁੱਖਾ ਲੈ ਗਏ ਲਾਵਾਂ ਤੇ
ਡਿੱਗਦੇ ਪਾਣੀ ਪਿਲਾਉਣ ਲੱਗੇ
ਪੰਡਤ ਹੋਰੀ ਵੀ ਖਾਣ ਸੁਸਤੀ
ਭੁੱਖੇ ਜਬਾਨੋਂ ਥਥਲਾਉਣ ਲੱਗੇ
ਬੇਦੀ ਲਾਂਵਾਂ ਨਾ ਮੁੱਕਣ ਯਾਰੋ
ਸਾਰੇ ਮੰਡਪ ਤੋਂ ਜਾਣ ਲੱਗੇ।
ਕਾਸ਼! ਕੰਮ ਫਤਿਹ ਹੋਇਆ
ਸੱਚਾ ਰੱਬ ਧਿਆਉਣ ਲੱਗੇ।

ਵਾਹ! ਸਿਹਰਾ ਫੜਿਆ ਰਿਹਾ
ਲੋਕੀ ਫਿੱਟ-ਫਿੱਟ ਕਰਨ ਲੱਗੇ
ਵੱਡਾ ਬਣਿਆ ਫਿਰੇ ਸ਼ਾਇਰ
ਦਿਲ ਤੇ ਫੱਟ ਕਰਨ ਲੱਗੇ
ਦੇਖੋ ਇਤਿਹਾਸ ਜ਼ਿੰਦਗੀ ਦਾ
ਲੋਕਾਂ ਦੇ ਤਾਹਨੇ ਜਲਣ ਲੱਗੇ
ਰਾਤ ਦੀ ਬਰਾਤ ਨਾ ਜਾਣਾ
ਸਹੁੰ ਪਾਈ ਬਸ ਚੜਣ ਲੱਗੇ।

# ਲੋਰੀ

ਸੁਣ ਨੀ ਮਾਣੋ ਬਿੱਲੀਏ
ਤੇਰਾ ਪਾਪਾ ਕਰੇ ਚਾਕਰੀ
ਦੁੱਧ ਰਿੱੜਕਦੀ ਝਾਈ
ਨੀ ਅੱਜ ਰੱਜ-ਰੱਜ
ਖਾ ਲੈ ਮੱਖਣ ਮਲਾਈ॥

ਦੇਖ ਨੀ ਮਾਣੋ ਬਿੱਲੀਏ
ਤੇਰਾ ਵੀਰਾ ਕਰੇ ਨੌਕਰੀ
ਭੈਣ ਕਰੇਂਦੀ ਪੜ੍ਹਾਈ
ਨੀ ਅੱਜ ਰੱਜ-ਰੱਜ
ਖਾ ਲੈ ਮੱਖਣ ਮਲਾਈ॥

ਸੁਣ ਨੀ ਮਾਣੋ ਬਿੱਲੀਏ
ਤਾਇਆ ਕਤੇਂਦਾ ਪੂਣੀਆਂ
ਚਰਖਾ ਕਤੇਂਦੀ ਤਾਈ
ਨੀ ਅੱਜ ਰੱਜ-ਰੱਜ
ਖਾ ਲੈ ਮੱਖਣ ਮਲਾਈ॥

ਨੀ ਭਾਗਾਂ ਵਾਲੀਏ
ਤੂੰ ਏ ਧੀ ਪੰਜਾਬ ਦੀ
ਤੇਰੀ ਸਿਫ਼ਤ ਕਰੇ ਲੁਕਾਈ
ਨੀ ਅੱਜ ਰੱਜ-ਰੱਜ
ਖਾ ਲੈ ਮੱਖਣ ਮਲਾਈ॥

## ਹਾਣੀਆ

ਬਾਗਾਂ ਵਿਚ ਬੋਲੇ ਮੋਰ
ਮੋਰ-ਮੋਰ ਮੋਰ ਹਾਣੀਆ
ਸਾਰਾ ਜੱਗ ਆਖੇ ਤੂੰ
ਸਾਡਾ ਦਿਲ ਚੋਰ ਹਾਣੀਆ

ਅੰਬਰਾਂ 'ਤੇ ਪੈ ਗਿਆ ਸ਼ੋਰ
ਸ਼ੋਰ-ਸ਼ੋਰ ਸ਼ੋਰ ਹਾਣੀਆ
ਹੋਵੇ ਜੇ ਪਤੰਗ
ਬਣ ਜਾਵਾਂ ਡੋਰ ਹਾਣੀਆ

ਝਾਂਜਰਾਂ ਦੇ ਛਣਕਣ ਬੋਰ
ਬੋਰ-ਬੋਰ ਬੋਰ ਹਾਣੀਆ
ਜਿੰਦ ਤੇਰੇ ਲੇਖੇ
ਸੁਣ ਸਾਹਾਂ ਦੀ ਲੋਰ ਹਾਣੀਆ

ਖੂਹ ਦੇ ਵਿਚ ਬੋਲੇ ਡੋਲ
ਡੋਲ-ਡੋਲ ਡੋਲ ਹਾਣੀਆ
ਆ ਜਾ ਮਿਆਣੀ
ਮੈਂ ਤੇਰੀ ਚਿੱਤ ਚੋਰ ਹਾਣੀਆ।

## ਥੱਪੜ ਦੀ ਗੂੰਜ

ਇਕ ਸੀ ਭੂਆ ਠਾਕਰੀ
ਇਕ ਵਾਰੀ ਮੈਂ ਕਿਹਾ
ਭੂਆ ਜੀ
ਮੈਂ ਛੇਵੀਂ 'ਚ ਹੋ ਗਿਆ ਹਾਂ
ਹੁਣ ਅੰਗ੍ਰੇਜ਼ੀ ਸਿਖੂ
ਦੇਖੀਂ ਅੰਗਰੇਜ਼ ਬਣ ਜਾਊਂ
ਗੁੱਸੇ 'ਚ ਥੱਪੜ ਮਾਰਦੀ ਬੋਲੀ
ਅਕਲ ਦਿਆ ਕੱਚਿਆ!
ਅੱਗੇ ਅੰਗ੍ਰੇਜ਼ੀ ਦੇ ਪਿਉ
ਮਸਾਂ ਕੱਢੇ ਆ ਦੇਸ਼ ਚੋਂ
ਸਿਆਣਾ ਬਣ
ਸਿੱਖਣੀ ਐਂ ਤਾਂ ਮਾਂ ਬੋਲੀ
ਪੰਜਾਬੀ ਸਿਖ ਲੈ
ਅੱਜ ਵੀ ਅੰਗ੍ਰੇਜ਼ੀ ਦੇ ਸ਼ਬਦਾਂ 'ਚ
ਥੱਪੜ ਦੀ ਗੂੰਜ
ਨਿਰੰਤਰ ਸੁਣਾਈ ਦੇਂਦੀਂ ਏ।

## ਨਵੀਂ ਜੰਗ

ਸੁਣੋ ਨੀ ਧੀਓ ਮੇਰੀਓ
ਅਧਿਕਾਰਾਂ ਨੂੰ ਪਾਉਣ ਲਈ
ਅੱਜ ਲੜਨੀ ਪੈਣੀ
ਇਕ ਹੋਰ ਨਵੀਂ ਜੰਗ!

ਜੁੜੋ ਨੀ ਧੀਓ ਮੇਰੀਓ
ਜਾਨ ਅਤੇ ਮਾਣ ਲਈ
ਅੱਜ ਲੜਨੀ ਪੈਣੀ
ਇਕ ਹੋਰ ਨਵੀਂ ਜੰਗ!

ਟੁਰੋ ਨੀ ਧੀਓ ਸ਼ੇਰਨੀਓ
ਪਰਿਵਾਰ ਤੇ ਵਾਰਸਾਂ ਲਈ
ਅੱਜ ਲੜਨੀ ਪੈਣੀ
ਇਕ ਹੋਰ ਨਵੀਂ ਜੰਗ!

ਲੜੋ ਨੀ ਧੀਓ ਮੇਰੀਓ
ਇਸ ਹਿੰਦੂਸਤਾਨ ਲਈ
ਅੱਜ ਲੜਨੀ ਪੈਣੀ
ਇਕ ਹੋਰ ਨਵੀਂ ਜੰਗ!

## ਬੇਬੇ ਦਾ ਘੋਟਣਾ

ਨੂੰਹਾਂ ਦੀ ਕੱਢੇ ਜਾਨ
ਪੁੱਤਰ ਹੋਵਣ ਪਰੇਸ਼ਾਨ
ਬਾਪੂ ਹਾਂ ਵਿੱਚ ਹਾਂ ਮਿਲਾਵੇ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਪੋਤੇ-ਪੋਤਰੀਆਂ ਖੇਡਣ
ਗੱਲਾਂ ਬੇਬੇ ਕੰਨੀ ਭੇਜਣ
ਨੂੰਹਾਂ ਕਹਿਣ ਲੋਕ ਕੁੱਪਤੀਆਂ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਸਰਪੰਚ ਕਰੇ ਸਲਾਮ
ਲੰਬੜ ਬੋਲੇ ਰਾਮ-ਰਾਮ
ਪਟਵਾਰੀ ਦੇਵੇ ਸੱਚ ਰਿਪੋਰਟਾਂ
ਜਦ ਵਰ੍ਹਦਾ
ਬੇਬੇ ਦਾ ਘੋਟਣਾ

ਫੈਸਲੇ ਕਰਾਉਂਦੀ ਥਾਣੇ
ਬੇਬੇ ਨੂੰ ਡੀ.ਐਸ.ਪੀ. ਜਾਣੇ
ਭੂਤ-ਪ੍ਰੇਤ ਵੀ ਦੌੜ ਜਾਂਦੇ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਬੇਬੇ ਜੀ ਨਸ਼ਿਆਂ ਦੀ ਵੈਰੀ
ਕੇਸ ਚਲਦੇ ਨੇ ਕਚਹਿਰੀ
ਇਹ ਮੰਡੀਰ ਚੀਕੇ ਤੇ ਕੁਰਲਾਵੇ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਹਰ ਵਾਰ ਪੰਚਣੀ ਬਣਦੀ
ਸਦਾ ਗਰੀਬਾਂ ਨਾਲ ਖੜਦੀ
ਪਬਲਿਕ ਜ਼ਿੰਦਾਬਾਦ ਬੁਲਾਵੇ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਬੇਬੇ ਜੰਮੀ ਪਾਕਿਸਤਾਨ
ਆ ਵਸੀ ਹਿੰਦੁਸਤਾਨ
ਪਿੰਡ ਜੈ ਹਿੰਦ ਪਿਆ ਬੁਲਾਵੇ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

ਕਰੀਏ ਬਜ਼ੁਰਗਾਂ ਤੇ ਮਾਣ
ਦਈਏ ਰੱਜ-ਰੱਜ ਸਨਮਾਨ
ਭਗਤ ਕਵਿਤਾ 'ਚ ਘੋਲੇ ਮਿਸ਼ਰੀ
ਜਦ ਵਰ੍ਹਦਾ
ਬੇਬੇ ਦਾ ਘੋਟਣਾ!

# ਕਾਮ

ਚੜ੍ਹਦੀ ਸ਼ਾਮ
ਨੱਚਦਾ ਕਾਮ।

ਢੀਂਠ ਜ਼ਮੀਰਾਂ
ਗੁਰਦੇ ਜਾਮ।

ਨੰਗੀ ਮਸਤੀ
ਅੱਖ ਹਰਾਮ।

ਬਗਲ਼ ਛੁਰੀ
ਮੂੰਹ ਤੇ ਰਾਮ।

ਦੌੜਦਾ ਪੈਸਾ
ਮਾਣ ਨਿਲਾਮ।

ਆਲਮ ਸੋਚੇ
ਔਰਤ ਸ਼ਾਨ।

ਸ਼ੋਰ ਮਚਾਏ
ਪਾਗ਼ਲ ਰਾਮ।

## ਬੋਲੀਆਂ

ਗੋਰਾ ਕਾਲਾ ਤਾਂ
ਰੂਪ ਦਿੱਤਾ ਏ ਰੱਬ ਦਾ
ਦੇਖੋ ਸਹੀਓ ਨੀ
ਚੰਨ ਮਾਹੀ ਕਿੰਨਾ ਕੁ ਏ ਫੱਬ ਦਾ

ਜੇ ਨੂੰਹੋਂ ਨੀ ਸੁਖ਼ੀ ਵੱਸਣਾ
ਸਹੁਰੇ ਨੂੰ ਡੈਡੀ ਬਣਾ ਲਈਏ
ਸੱਸ ਰੁੱਸ ਜੇ ਤਾਂ
ਗਰਮ ਜਲੇਬੀਆਂ ਖੁਆ ਦਈਏ

ਆਓ ਸਹੀਓ ਨੀ
ਕੁਲ ਆਲਮ ਨੂੰ ਸਮਝਾ ਦਈਏ
ਕੁੜੀਆਂ-ਮੁੰਡਿਆਂ ਬਰਾਬਰ
ਗਲੀ-ਗਲੀ ਬੋਰਡ ਲਗਾ ਦਈਏ

ਆਓ ਕੁੜੀਓ ਨੀ
ਦਾਜ ਲੋਭੀਆਂ ਨੂੰ ਨੱਥ ਪਾ ਦਈਏ
ਬੱਬਰ ਸ਼ੇਰਨੀਆਂ ਬਣਕੇ
ਅਦਾਲਤੀ ਕੇਸ ਠੁਕਾ ਦਈਏ

ਬਾਪੂ ਦੇ ਕਿੱਲਿਆਂ 'ਚ
ਸਾਡਾ ਵੀ ਤਾਂ ਹੱਕ ਭਾਬੀਓ
ਜਰਾ ਟੌਹਰ ਨਾਲ ਲਿਆਓ
ਇਹ ਨਾਨਕੀ-ਸ਼ਕ ਭਾਬੀਓ

ਧਰਤੀ 'ਤੇ ਅੱਡੀ
ਅੱਡੀ 'ਤੇ ਛਣਕਣ ਝਾਂਜਰਾਂ
ਮਿਆਣੀ ਵਾਲਿਓ
ਸਦਾ ਨੱਚਿਓ ਨੂੰਹ-ਸੱਸ ਵਾਂਗਰਾ।

## ਨੀ ਕੁੜੀਏ

ਸੁਣ ਕੰਪਿਊਟਰ ਯੁਗ ਦੀ ਏ ਕੁੜੀਏ
ਅੜੀਏ ਐਵੇਂ ਨਾ ਘਬਰਾਇਆ ਕਰ
ਹੁਣ ਸਿਰ ਝੁਕਾਉਣ ਦਾ ਸਮਾਂ ਨਹੀਂ
ਗੈਰਤ ਨਾਲ ਨਜ਼ਰ ਉਠਾਇਆ ਕਰ।

ਨੀ ਤੂੰ ਝਾਂਸੀ ਦੀ ਰਾਣੀ ਵਾਂਗਰ ਬਣ
ਤੇਰਾ ਹਿਰਦਾ ਬੜਾ ਹੀ ਵਿਸ਼ਾਲ ਕੁੜੇ
ਇਹ ਸਭ ਦੁਸ਼ਮਣ ਗਸ਼ ਖਾਵਣਗੇ
ਹੁਣ ਮਾਰ ਚੰਡੀ ਦੀ ਲਲਕਾਰ ਕੁੜੇ।

ਇਹ ਜ਼ਿੰਦਗੀ ਤਾਂ ਬੇਖੌਫ਼ ਬਰੂਦ ਹੈ
ਪਰਵਾਹ ਨਹੀਂ ਕਰਨੀ ਜ਼ੁਲਮਾਂ ਦੀ
ਹੁਣ ਤੂੰ ਅੱਗਾਂ ਦੇ ਕਾਫ਼ਲੇ ਰੋਕਣੇ ਨੇ
ਅੱਜ ਗੱਲ ਨਹੀਂ ਕਰਨੀ ਕਰਮਾਂ ਦੀ।

ਤੂੰ ਭਾਰਤ ਦੀ ਬੱਬਰ ਸ਼ੇਰਨੀ ਕੁੜੀਏ
ਅੱਜ ਕੁਲ ਦੁਨੀਆਂ ਤੇਰੀ ਸ਼ਾਨ ਕਰੇ
ਅੱਜ ਸਾਰੀ ਜੰਨਤ ਵਸ ਕਰ ਲੈਣੀ
ਹੁਣ ਭਗਤ ਵੀ ਤੇਰੇ ’ਤੇ ਮਾਣ ਕਰੇ।

## ਰਾਂਝਾ

ਮਾਏ ਨੀ ਇਕ ਜੋਗੀ ਆਇਆ
ਗੱਲਾਂ ਦੱਸਦਾ ਸੱਚੀਆਂ ਸੱਚੀਆਂ।

ਮਾਏ ਨੀ ਲੱਗੇ ਇਸ਼ਕ ਪੁਜਾਰੀ
ਪਾਟੇ ਕੰਨੀਂ ਪਾਈਆਂ ਨੱਤੀਆਂ।

ਮਾਏ ਨੀ ਦੇਖ ਜਰਾ ਉੱਠ ਕੇ
ਲੱਗਣ ਰਾਂਝੇ ਵਰਗੀਆਂ ਅੱਖੀਆਂ।

ਮਾਏ ਨੀ ਸਹੀਆਂ ਝੂਠ ਨਾ ਬੋਲਣ
ਜੀਕਣ ਬੋਲਣ ਤੇਰੀਆਂ ਮੱਝੀਆਂ।

ਮਾਏ ਨੀ ਵੇਲਾ ਲੰਘ ਨਾ ਜਾਏ
ਤੰਦਾਂ ਇਸ਼ਕ ਦੀਆਂ ਨੇ ਕੱਚੀਆਂ।

ਮਾਏ ਨੀ ਰੱਬ ਵੀ ਮੇਲ ਮਿਲਾਏ
ਜੇਕਰ ਹੋਣ ਧੁਰੋ ਪ੍ਰੀਤਾਂ ਪੱਕੀਆਂ।

ਮਾਏ ਨੀ ਰਾਝਾਂ ਤਾਂ ਜੋਗੀ ਬਣਿਆ
ਭਗਤ ਨੇ ਵਾਰਸ ਤਾਂਈ ਦੱਸੀਆਂ।

## ਰੁੱਖ

ਰੁੱਖ ਕੁਦਰਤ ਦੇ ਤੋਹਫ਼ੇ
ਧੁੱਪਾਂ ਸਹਿ ਕੇ ਵੀ ਵੰਡਣ
ਅਸਾਂ ਨੂੰ ਠੰਡੀਆਂ-ਠੰਡੀਆਂ ਛਾਵਾਂ।

ਇਹ ਤਾਂ ਨੇ ਮੇਵੇ ਲਾਸਾਨੀ
ਫੁੱਲ ਤੇ ਫਲ ਪਏ ਵੰਡਣ
ਜੀਕਣ ਧੀਆਂ-ਪੁੱਤਰਾਂ ਦੀਆਂ ਮਾਂਵਾਂ।

ਇਹ ਤਾਂ ਸਾਹਾਂ ਦੀਆਂ ਰੂਹਾਂ
ਪਘੂੰੜੇ ਤੋਂ ਅਰਥੀ ਤੱਕ ਦੇਵਣ
ਇਹ ਯੁਗ-ਜਿਊਣ ਦੀਆਂ ਦੁਆਵਾਂ।

ਆਓ ਸਭ ਰਲ਼ ਪ੍ਰਣ ਕਰੀਏ
ਭਗਤਾ ਰੁੱਖ ਕਦੇ ਨਾ ਕੱਟੀਏ
ਇਹ ਜਨਮ-ਜਨਮ ਦੀਆਂ ਬਾਹਵਾਂ।

## ਲਾਸ਼

ਸਣੋ! ਸੁਣੋ! ਮੈਂ ਪਿੰਜਰ ਹਾਂ
ਗੈਬੀ ਖੰਡਰ ਹਾਂ
ਹਨੇਰਿਆਂ ਦੇ ਸ਼ਹਿਰ
ਕਬਰਾਂ ਤੋਂ ਬੋਲ ਰਿਹਾ ਹਾਂ
ਕੌਣ ਵਾਰਸ ਹੈ
ਇਸ ਅਲਫ਼ ਨੰਗੀ ਲਾਸ਼ ਦਾ
ਕਦ ਦਾ ਟੋਲ ਰਿਹਾ ਹਾਂ?

ਇਸਦਾ ਕਫ਼ਨ ਵੀ
ਸੱਜਣ ਚੁਰਾ ਕੇ ਲੈ ਗਏ
ਚਾਂਦੀ ਦੀਆਂ ਝਾਂਜਰਾਂ
ਸੋਨ-ਚੂੜਾ ਲਾਹ ਕੇ ਲੈ ਗਏ
ਕੋਣ ਨਾਰਦ ਹੈ
ਇਸ ਅਲਫ਼ ਨੰਗੀ ਲਾਸ਼ ਦਾ
ਕਦ ਦਾ ਬੋਲ ਰਿਹਾ ਹਾਂ?

ਹਵਸ਼ ਮਿਟਾ ਭੌਰ ਉਡ ਗਏ
ਲਾਹਨਤ ਇਨਸਾਨਾਂ ਦੇ
ਪਾਗਲ ਰਾਜਾ
ਗੂੰਗੀ-ਅੰਨੀ ਪਰਜਾ
ਕੋਣ ਕਾਤਲ ਹੈ
ਇਸ ਅਲਫ਼ ਨੰਗੀ ਲਾਸ਼ ਦਾ
ਕਦ ਦਾ ਖੋਲ੍ਹ ਰਿਹਾ ਹਾਂ?

## ਜਾਂਬਾਜ਼ ਚਿੜੀਆਂ

ਸੁਣ ਵੇ ਫ਼ਰੀਦਾ!
ਤੇਰੀਆ ਸਰਾਫ਼ੀਆਂ ਚਿੜੀਆਂ
ਅੱਜ ਬਣ ਗਈਆਂ ਨੇ ਜਾਬਾਂਜ਼ ਚਿੜੀਆਂ
ਐਵੇਂ ਹੰਕਾਰ ਦੀ ਜਿੱਤ ਲਈ
ਕਰਦਾ ਰਿਹਾ ਏ ਮਨ-ਮਾਨੀਆਂ

ਸੁਣ ਨੀ ਭੈਣ ਅਮ੍ਰਿੰਤਾ!
ਤੇਰੀਆਂ ਚੰਬੇ ਦੀਆਂ ਕਲੀਆਂ
ਅੱਜ ਬਣ ਗਈਆਂ ਨੇ ਜ਼ਾਂਬਾਜ਼ ਚਿੜੀਆਂ
ਐਵੇਂ ਪਿੰਜਰੇ 'ਚ ਡੱਕ ਧੀਆਂ
ਕੀਤੀਆਂ ਉਮਰ ਭਰ ਰਖਵਾਲੀਆਂ।

ਸੁਣ ਵੇ ਸ਼ਿਵ ਹੀਰਿਆ!
ਅੱਜ ਤੇਰੀਆਂ ਆਟੇ ਦੀਆਂ ਧੀਆਂ
ਬਣ ਗਈਆਂ ਨੇ ਜਾਂਬਾਜ਼ ਚਿੜੀਆਂ
ਐਵੇਂ ਪੁਣਦਾ ਰਿਹਾ ਏ
ਮਾਂਵਾਂ ਦੀਆਂ ਪਾਕ ਪਵਿੱਤਰ ਬਿਰਹਾ।

## ਫੁਲਕਾਰੀ

ਇਕ ਜਾਮਣ ਥੱਲੇ ਬੈਠੀਆਂ
ਧੀਆਂ ਕੱਢਣ ਫੁਲਕਾਰੀ
ਅਸੀਂ ਹਾਂ ਕੂੰਜਾਂ ਅੰਮੜੀਏ
ਇਕ ਦਿਨ ਮਾਰ ਜਾਣਾ ਉਡਾਰੀ।

ਹਰ ਤੋਪੇ ਤੇ ਦਿਸਦਾ
ਇਕ ਮੋਹ ਭਿੱਜਿਆ ਪ੍ਰਛਾਵਾਂ
ਸਾਰਾ ਆਲਮ ਜਾਣਦਾ ਏ
ਲੋਕੋ ਮਾਂਵਾਂ ਨੇ ਠੰਡੀਆਂ ਛਾਵਾਂ।

ਇਕ ਤੋਤਾ-ਤੋਤੀ ਨੀ
ਸੁੱਟਣ ਜਾਮਣਾਂ ਟੁੱਕ-ਟੁੱਕ ਕੇ
ਧੀਆਂ ਪ੍ਰਦੇਸ਼ਣਾਂ ਨੀ
ਸਦਾ ਬੋਲਣ ਝੁੱਕ-ਝੁੱਕ ਕੇ।

ਸਾਵਣ ਦੀ ਕਿਣ-ਮਿਣ ਨੇ
ਚਾਂਦੀ-ਰੱਥ ਬਣਾਈ ਹੋਈ ਐ
ਧੀਆਂ ਜਿਗਰਾ ਬਾਬਲ ਦਾ
ਕੋਇਲਾਂ ਰੱਟ ਲਾਈ ਹੋਈ ਐ।

ਅੱਜ ਫੁਲਕਾਰੀ ਤੇ ਪੜ੍ਹਦੇ ਨੇ
ਇਹ ਮਾਣ ਸਭ ਤੋਂ ਉੱਚਾ ਹੈ
ਧੀਆਂ ਦਾ ਦਾਨ ਭਗਤਾ
ਹੀਰੇ-ਮੋਤੀਆਂ ਤੋਂ ਵੀ ਸੁੱਚਾ ਹੈ।

## ਬਾਬੇ

ਚਾਰੀਂ ਕੂੰਟੀਂ ਮੱਚ ਗਿਆ ਸ਼ੋਰ।
ਦੇਖ ਰੱਬਾ ਬਾਬਿਆਂ ਦੀ ਟੌਹਰ।
ਇਹ ਅਖ਼ਬਾਰਾਂ ਕਰਨ ਕਲੋਲ।
ਬੀਬੀਆਂ ਨਿੱਤ ਰਹਿੰਦੀਆਂ ਕੋਲ।
ਧਰਮੀ ਜਨੂੰਨ ਰਿਹਾ ਅੱਜ ਖੋਲ।
ਨੱਚਦੇ ਨੇ ਚੇਲੇ ਬਣ-ਬਣ ਮੋਰ।
ਅੰਨ੍ਹੀ ਸ਼ਰਧਾ ਵੱਜਦੇ ਨੇ ਢੋਲ।
ਧਰਮ ਨੂੰ ਵਰਤਣ ਗੋਲ ਮਟੋਲ।
ਝੂਠੀ ਤੱਕੜੀ ਲੱਗੇ ਨੀਵਾਂ ਝੋਲ।
ਇਹ ਵੋਟਾਂ ਤੋਲਣ ਲਾਕੇ ਜੋਰ।
ਜੈੱਡ-ਸੁਰੱਖਿਆ ਰੱਖਦੇ ਨੇ ਕੋਲ।
ਗੱਡੀਆਂ ਤੇ ਮੱਕਰੇ ਝੂੰਮਣ ਭੌਰ।
ਰਾਜੇ ਮੰਤਰੀ ਦੇ ਸਭ ਝੂਠੇ ਬੋਲ।
ਬਗਲੇ ਭਗਤ ਦੇ ਮਨ 'ਚ ਚੋਰ।
ਉਠੋ ਜਵਾਨੋ ਬੰਦ ਕਰਾਓ ਸ਼ੋਰ।
ਨਿੱਤ ਵੱਧਦਾ ਏ ਚੰਦਰਾ ਕੋਹੜ।
ਭਗਤਾ ਸਦਾ ਰੱਬ ਅੰਦਰੋਂ ਟੋਲ।
ਵਤਨ ਲਈ ਕੁਫ਼ਰ ਨਾ ਤੋਲ।

## ਕਟਾਰ

ਆਪਣੇ ਹੀ ਕਰ ਗਏ ਵਾਰ
ਅਸੀਂ ਦੇਖਦੇ ਹੀ ਰਹਿ ਗਏ।

ਜੀਕਣ ਸੀਨੇ ਵੱਜੀ ਕਟਾਰ
ਅਸੀਂ ਸੋਚ ਦੇ ਹੀ ਰਹਿ ਗਏ।

ਟੁੱਕੜ–ਬੋਚ ਬਣ ਗਏ ਗ਼ਦਾਰ
ਅਸੀਂ ਕੋਸਦੇ ਹੀ ਰਹਿ ਗਏ।

ਦਿਲ ਤੋਲੇ ਹੀਰਿਆਂ ਦੇ ਭਾਰ
ਅਸੀਂ ਰੋਸਦੇ ਹੀ ਰਹਿ ਗਏ।

ਨੇਕੀ ਬਣ ਗਈ ਖ਼ੂਨੀ–ਖਾਰ
ਅਸੀਂ ਘੋਖਦੇ ਹੀ ਰਹਿ ਗਏ।

ਰੱਬਾ ਕੀ ਕਰੀਏ ਇਤਬਾਰ
ਅਸੀਂ ਕੋਸਦੇ ਹੀ ਰਹਿ ਗਏ।

ਭਗਤਾ ਲਿਖ ਕਵਿਤਾ ਯਾਰ
ਅਸੀਂ ਰੋਕਦੇ ਹੀ ਰਹਿ ਗਏ।

## ਜਨਾਜ਼ਾ

ਮੈਂ ਅਸ਼ੋਕ ਵਾਟਿਕਾ ਦੀ
ਬਨਵਾਸਣ ਨਹੀਂ
ਜੋ ਮੱਦਦ ਲਈ ਕੁਰਲਾਵਾਂ
ਮੈਂ ਭਾਰਤ ਦੀ
ਬੱਬਰ ਸ਼ੇਰਨੀ ਹਾਂ
ਹੁਣ ਜੀਊਣ ਲਈ
ਅਧਿਕਾਰ
ਦੇਸ਼-ਸਮਾਜ ਦੀ
ਆਨ-ਮਾਣ-ਸ਼ਾਨ ਲਈ
ਇਹ ਘਸੀਆਂ-ਪਿੱਟੀਆਂ ਗੀਤਾਂ
ਦਾ ਜਨਾਜ਼ਾ
ਸਭ ਨੂੰਹਾਂ-ਧੀਆਂ-ਭੈਣਾਂ ਨੂੰ
ਨੂੰ ਰਲ ਮਿਲ ਕੇ
ਕੱਢਣਾ ਹੀ ਪੈਣਾ
ਜਿਵੇਂ ਹੁਣ ਲਗਦਾ ਏ
ਮੇਰੇ ਵੀਰਿਆਂ ਨੇ
ਹੱਥਾਂ 'ਤੇ ਮਹਿੰਦੀ
ਬਾਹਾਂ 'ਚ ਚੂੜੀਆਂ ਪਾ ਲਈਆਂ ਨੇ !

## ਖਾਹਿਸ਼

ਮਾਏ ਨੀ ਮਾਏ
ਮੈਨੂੰ ਦਾਜ ਦੇਵੀਂ ਸੰਸਕਾਰਾਂ ਦਾ
ਕਦੇ ਸੋਚੀ ਨਾ ਕੋਠੀਆਂ ਕਾਰਾਂ ਦਾ
ਮਾਏ ਨੀ ਮਾਏ.........

ਪਾ ਦੇਵੀਂ ਵਿੱਦਿਆ ਦਾ ਗਹਿਣਾ
ਜੋ ਚੰਦਨ ਵਾਂਗ ਮਹਿਕਦਾ ਰਹਿਣਾ
ਕਦੇ ਸੋਚੀ ਨਾ ਸੋਨੇ ਦੀਆਂ ਤਾਰਾਂ ਦਾ
ਮਾਏ ਨੀ ਮਾਏ.........

ਮੈਨੂੰ ਮਿੱਟੀ ਨਾਲ ਮੋਹ ਬਾਹਲਾ ਨੀ
ਲੱਭ ਲਈ ਨਾ ਵਿਦੇਸ਼ੀ ਲਾੜਾ ਨੀ
ਕਦੇ ਸੋਚੀ ਨਾ ਡਾਲਰਾਂ ਦੇ ਹਾਰਾਂ ਦਾ
ਮਾਏ ਨੀ ਮਾਏ.........

ਨੂੰਹਾਂ-ਧੀਆਂ ਮਾਣ ਪੰਜਾਬ ਦਾ ਮਾਏ
ਜੀਕਣ ਮਹਿਕੇ ਫੁੱਲ ਗੁਲਾਬ ਦਾ ਮਾਏ
ਸਦਾ ਸੋਚੀ ਨੀ ਇਹ ਮੁਟਿਆਰਾਂ ਦਾ
ਮਾਏ ਨੀ ਮਾਏ.........।

## ਖ਼ੁਦਕਸ਼ੀ

ਖੇਤਾਂ ਦਾ ਰਾਜਾ
ਖ਼ੁਦਕਸ਼ੀ ਕਰਕੇ
ਲਟਕ ਰਿਹਾ।

ਢੀਂਠ ਜ਼ਮੀਰਾਂ
ਬਿਟ-ਬਿਟ ਵੇਖ ਰਹੇ
ਮਿੱਟੀ ਦੇ ਬੰਦੇ।

ਧਰਤੀ ਸੋਚੇ
ਹਰੀ-ਚਿੱਟੀ ਕ੍ਰਾਂਤੀ ਦਾ
ਵਾਰਸ ਮਰਿਆ।

ਕਫ਼ਨ ਪਾਵੇ
ਬਾਪੂ ਪੁੱਤਰ ਉੱਤੇ
ਫਟੇ ਕਲੇਜਾ।

ਉਠੋ! ਵੀਰਿਓ
ਮਾਵਾਂ ਧੀਆਂ ਨੂੰਹਾਂ ਤੇ
ਤਰਸ਼ ਕਰੋ।

ਸੁਣ ਹਾਕਮਾ!
ਖ਼ੁਦਕਸ਼ੀਆਂ ਰੋਕ
ਦੇਸ਼ ਸੰਭਾਲ।

## ਬੰਧਨਾ

ਹੇ ਰਾਮ!
ਇਕ ਵਾਰ ਆ ਕੇ ਦੇਖ
ਬਿਰਧ ਆਸ਼ਰਮਾਂ 'ਚ
ਰੁਲ ਰਹੇ ਨੇ
ਦਸਰਥ ਅਤੇ ਕੁਸ਼ੱਲਿਆਵਾਂ
ਸਿਖਾ ਜਾ ਕੋਈ ਸੰਸਕਾਰ
ਇਹ ਜੰਨਤ
ਯੁਗਾਂ ਤੱਕ ਕਰੂ ਪ੍ਰਨਾਮ!

ਹੇ ਰਾਮ!
ਇਕ ਵਾਰ ਆ ਕੇ ਦੇਖ
ਤੇਰੀ ਸੀਤਾ ਦਾ
ਜੀਉਣਾ ਹਰਾਮ ਕਰ ਦਿੱਤਾ ਹੈ
ਪਾਪੀ ਰਾਵਣਾਂ ਨੇ
ਚਲਾ ਇਕ ਹੋਰ ਅਗਨਬਾਣ
ਇਹ ਜੰਨਤ
ਯੁਗਾਂ ਤੱਕ ਕਰੂ ਸਲਾਮ!

ਹੇ ਰਾਮ!
ਇਕ ਵਾਰ ਆ ਕੇ ਦੇਖ
ਤੇਰੀ ਅਯੁੱਧਿਆ
ਬਣ ਗਈ ਹੈ ਜੰਗਲ ਰਾਜ
ਚਲਾ ਕੋਈ ਕਰਮ-ਸ਼ਾਸਤਰ
ਇਹ ਜੰਨਤ
ਯੁਗਾਂ ਤੱਕ ਗਾਊ ਪੈਗਾਮ!

# ਲਾਹਨਤਾਂ

ਕੁੱਖਾਂ 'ਚ ਧੀਆਂ ਮਾਰਨ ਵਾਲਿਓ
ਬੇਸ਼ਰਮੋਂ! ਕੁਝ ਤਾਂ ਹੋਸ਼ ਕਰੋ
ਇਹ ਜੰਨਤ ਉਜਾੜਣ ਵਾਲਿਓ
ਬੇਸ਼ਰਮੋਂ! ਕੁਝ ਤਾਂ ਹੋਸ਼ ਕਰੋ।

ਮਾਵਾਂ ਸਪਣੀ ਵਾਂਗਰ ਸ਼ੂਕਦੀਆਂ ਨੇ
ਆਪਣਾ ਘਰ ਆਪੇ ਹੀ ਫੂਕਦੀਆਂ
ਧੀਆਂ ਦੇ ਕਾਤਲੋ ਕੁਝ ਹੋਸ਼ ਕਰੋ।

ਇਹ ਕੰਜ਼ਕਾਂ ਰੂਪ ਰੱਬ ਦਾ ਲੋਕੋ
ਮਾਰਨ ਤੋਂ ਸਭ ਨੂੰ ਰੋਕੋ
ਧਰਮਾਂ ਦੇ ਠੇਕੇਦਾਰੋ ਗੁਰੇਜ਼ ਕਰੋ।

ਧੀਆਂ ਤੇ ਰੁੱਖ ਸਦਾ ਦੇਵਣ ਛਾਵਾਂ
ਇਹ ਮੂਰਖਾਂ ਨੂੰ ਕਿਵੇਂ ਸਮਝਾਵਾਂ
ਉਏ! ਲਾਲਚੀਓ ਕੁਝ ਹੋਸ਼ ਕਰੋ।

ਧੀਆਂ-ਨੂੰਹਾਂ ਬਚਾ ਲੈ ਰਾਜਿਆ ਵੇ
ਪਾਪੀਆਂ ਨੂੰ ਸਮਝਾ ਲੈ ਰਾਜਿਆ ਵੇ
ਮਿਆਣੀ ਵਾਲਿਓ ਕੁਝ ਸੋਚ ਕਰੋ।

## ਟੱਪੇ

ਦੀਵਾ ਰੋਸ਼ਨੀ ਕਰਦਾ ਏ
ਨੂੰਹ-ਸੱਸ ਲੜ ਪਈਆਂ
ਸਾਰਾ ਜੱਗ ਗੱਲਾਂ ਕਰਦਾ ਏ।

ਮਹਿਕਾਂ ਨੇ ਕਲੀਆਂ ’ਚੋਂ
ਪਿਆਰ ਤਾਂ ਦਿਲ ਵਿਚ ਏ
ਲੱਭਦਾ ਨਾ ਗਲੀਆਂ ’ਚੋਂ।

ਪਿਆਰ ਕੱਚੀ ਤੰਦ ਲੋਕੋ
ਜਾਨ ਵਾਰਾਂ ਕੰਤ ਉਤੋਂ
ਸੱਸ ਭਾਵੇਂ ਕਰੇ ਤੰਗ ਲੋਕ।

ਪਾਣੀ ਲੰਘ ਗਏ ਮੁੜਦੇ ਨਹੀਂ
ਸ਼ੀਸ਼ੇ ਵਾਂਗ ਨੇ ਰਿਸ਼ਤੇ
ਟੁੱਟ ਗਏ ਤਾਂ ਜੁੜਦੇ ਨਹੀਂ।

ਪਹਾੜਾਂ ’ਤੇ ਕੂੰਜ ਬੋਲੇ
ਸੱਸ ਜਿੱਤ ਕੇ ਬਣੀ ਰਾਣੀ
ਅਸੀਂ ਬਣ ਗਏ ਗੋਲੇ।

ਅੰਬਰੀਂ ਬੋਲੇ ਧਰੂ ਤਾਰਾ
ਸੱਸਾਂ ਦਾ ਨੂੰਹੋਂ ਮਾਣ ਕਰੀਏ
ਕੇਸਰ ਪਾਊ ਜੱਗ ਸਾਰਾ।

# ਗੰਨੇ ਦਾ ਰਸ

ਸੁਣਿਓ ਸੱਚ
ਨੂੰਹ ਤੇ ਸੱਸ
ਪੀਣ ਹੱਸ-ਹੱਸ
ਗੰਨੇ ਦਾ ਰਸ
ਬੋਲੇ ਬਨੇਰੇ ਕਾਂ ਮਰਜਾਣਾ।

ਅੰਬਰ ਘੂਰੇ
ਛਣਕਣ ਚੂੜੇ
ਰਿਸ਼ਤੇ ਗੂੜ੍ਹੇ
ਖਾਣ ਪੂੜੇ
ਬੋਲੇ ਵਿਹੜੇ 'ਚ ਮੋਰ ਰਾਣਾ।

ਚਰਖਾ ਡਾਹਦੀਆਂ
ਰੂੰ ਕਤੇਂਦੀਆਂ
ਬਣ ਸਹੇਲੀਆਂ
ਗੀਤ ਗਾਂਦੀਆਂ
ਬੋਲੇ ਅੰਬਰੀਂ ਪਪੀਹਾ ਕਾਣਾ।

ਪਿੰਡ ਮਿਆਣੀ
ਸੱਸ ਸਿਆਣੀ
ਨੂੰਹ ਰਾਣੀ ਦੀ
ਸੱਚੀ ਕਹਾਣੀ
ਬੋਲੇ ਗੋਰੀ ਰਾਧਾ ਦਾ ਕਾਨ੍ਹਾ।

# ਨਸੀਅਤ

ਸੱਸਾਂ ਮਿੱਠੇ ਸ਼ਬਦਾਂ ਦੀਆਂ ਭੁੱਖੀਆਂ
ਨੂੰਹ ਰਾਣੀਏ ਆਪਣਾ ਮੂਲ ਪਛਾਣ।
ਤੂੰ ਵੀ ਤਾਂ ਇਕ ਦਿਨ ਸੱਸ ਬਣਨਾ
ਮਾਂ ਸਮਝ ਆਪਣੀ ਹੋ ਜਾ ਕੁਰਬਾਨ।
ਧੀਆਂ ਰਾਜੇ ਰਾਣਿਆ ਘਰ ਟੋਰੀਆਂ
ਸਦਾ ਰੱਖੀਏ ਬਾਬਲ ਦਾ ਵੀ ਮਾਣ।
ਕਿਉਂ ਹਰ ਵਾਰ ਨੂੰਹ ਹੀ ਸੜਦੀ
ਕਿਉਂ ਸੱਸ ਬੋਲੇ ਜਬਾਨ-ਕੁਬਾਨ?
ਦਿਲ ਸਾਫ਼ ਕਰਕੇ ਕੱਢ ਦਿਓ ਜੀ
ਇਹ ਝੂਠਾ ਕਰੋਧੀ ਹਊਮੀ ਸੈਤਾਨ।
ਖੁਸ਼ੀਆਂ ਭਾਲੀਏ ਵਿਹੜਿਆਂ ’ਚ
ਕਦੇ ਵੱਡੇ ਤਾਂਈ ਖੁੱਲੇ ਨਾ ਜੁਬਾਨ।
ਕਦੇ ਨਜ਼ਰ ਮੈਲੀ ਨਾ ਹੋਣ ਦਈਏ
ਭਾਵੇਂ ਡਿੱਗੇ ਧਰਤੀ ’ਤੇ ਅਸਮਾਨ।
ਸਭ ਦਾ ਦੁੱਖ-ਸੁੱਖ ਸਮਝ ਲਈਏ
ਪਿਆਰ ਨੂੰ ਕਹਿਣ ਲੋਕ ਭਗਵਾਨ।
ਨੂੰਹਾਂ ਬਾਝੋਂ ਟੁਰੇ ਨਾ ਅੱਲ ਸੱਚ ਹੈ
ਕਦੇ ਨੀਹਾਂ ਬਾਂਝ ਨਾ ਹੋਣ ਮਕਾਨ।
ਨੂੰਹ-ਸੱਸ ਦਾ ਰਿਸ਼ਤਾ ਉੱਤਮ ਹੈ
ਕਹੇ ਬਾਈਬਲ, ਗੀਤਾ, ਗ੍ਰੰਥ, ਕੁਰਾਨ।
ਅੱਜ ਨਸੀਅਤ ਲੈਣ ਜੋ ਧੀਆਂ ਜੀ
ਕੱਲ੍ਹ ਉਸਤਤ ਕਰੂ ਕੁਲ ਜਹਾਨ।

## ਮੈਂ ਕੁੜੀ ਪਾਕਿਸਤਾਨ ਦੀ

ਮੈਂ ਕੁੜੀ ਪਾਕਿਸਤਾਨ ਦੀ
ਮੇਰਾ ਚੰਨ ਵਸੇਂਦਾ ਹਿੰਦੂਸਤਾਨ ਵੇ ਰੱਬਾ
ਹੱਥ ਜੋੜਾ! ਹੱਦਾਂ ਤੋੜ ਦਿਓ
ਮੇਰਾ ਉੱਜੜ ਗਿਆ ਸੋਹਣਾ ਜਹਾਨ ਵੇ ਰੱਬਾ
ਵਾਸਤੇ ਪਾਵਾਂ! ਜਿੰਦਾਂ ਛੋੜ ਦਿਓ
ਮੇਰਾ ਉੱਜੜ ਗਿਆ ਸੋਹਣਾ ਜਹਾਨ ਵੇ ਰੱਬਾ
ਮੇਰਾ ਉੱਜੜ ਗਿਆ..........................

ਸਾਹਾਂ ਵਾਂਗੂ ਰੁਕਦੀ ਜਜ਼ਬਾਤਾਂ ਦੀ ਰੇਲ ਨਿਰਾਲੀ ਏ
ਰੂਹਾਂ ਦੀਆਂ ਦੀਵਾਰਾਂ ਤੇ ਲਾਈ ਤਾਰ ਕੰਡਿਆਲੀ ਏ
ਦਿਲ ਨੂੰ ਵਾਜਾਂ ਮਾਰੇ, ਹੱਡੀਆਂ ਦਾ ਮਕਾਨ ਵੇ ਰੱਬਾ
ਮੇਰਾ ਉੱਜੜ ਗਿਆ..........................

ਕੋਈ ਚੋਰੀ ਨਾ ਕੀਤੀ ਪਾਈਆਂ ਸੁੱਚੀਆਂ ਪ੍ਰੀਤਾਂ ਨੇ
ਗਰੀਬ ਦੀ ਧੀ ਨੂੰ ਖਾ ਲਿਆ ਚੰਦਰੀਆਂ ਰੀਤਾਂ ਨੇ
ਮੁੱਕੀਆਂ ਮੜੀਕੜੀਆਂ, ਤਲੀ ਤੇ ਆਈ ਜਾਨ ਵੇ ਰੱਬਾ
ਮੇਰਾ ਉੱਜੜ ਗਿਆ..........................

ਇਹ ਪਾਕਿਸਤਾਨ ਵੀ ਮੇਰਾ, ਉਹ ਹਿੰਦੁਸਤਾਨ ਵੀ ਮੇਰਾ
ਇਹ ਦਿਲ ਜਾਨ ਵੀ ਮੇਰਾ, ਉਹ ਦਾ ਹੁਕਮਰਾਨ ਵੀ ਮੇਰਾ
ਭਗਤ ਲਿਖੂਗਾ ਕਿੱਸਾ, ਜੇ ਹੋਵੇਂ ਮਿਹਰਬਾਨ ਵੇ ਰੱਬਾ
ਮੇਰਾ ਉੱਜੜ ਗਿਆ..........................।

## ਬੇਟੀ

ਬੇਟੀ ਬਚਾਓ
ਦੇਸ਼ ਬਚਾਓ

ਬੇਟੇ ਵਾਂਗਰ
ਲੋਹੜੀ ਪਾਓ

ਸੁੱਚਾ ਉੱਦਮ
ਖ਼ੂਬ ਪੜ੍ਹਾਓ

ਬਾਬਲ ਬਣ
ਹੱਕ ਦੁਆਓ

ਨੂੰਹ ਬਣਾ ਕੇ
ਅੰਸ਼ ਬਚਾਓ

ਸਭ ਮਿਲ ਕੇ
ਜੋਤ ਜਗਾਓ

ਆਓ ਭਗਤਾ
ਮਾਣ ਵਧਾਓ।

## ਚਰਖਾ

ਸ਼ੀਸ਼ ਮਹੱਲ ਬਣਵਾ ਦੇ
ਸੋਨੇ ਦਾ ਚਰਖਾ ਡਾਹਦੇ
ਰੇਸ਼ਮੀ ਪੁਆ ਦੇ ਮਾਹਲ
ਨੀ ਫੇਰ ਦੇਖੀ ਸੱਸੇ
ਕੰਤੂਗ਼ੀ ਪ੍ਰੀਤਾਂ ਨਾਲ।

ਜ਼ੀਰੇ ਤੋਂ ਰੂੰ ਮੰਗਵਾ ਦੇ
ਪੇਂਜਾਂ ਘਰ ਬੁਲਵਾ ਦੇ
ਭੁੱਲ ਜਾਵੇਗੀ ਕੁਲੂ ਦੇ ਸ਼ਾਲ
ਨੀ ਫਿਰ ਦੇਖੀ ਅੰਮਾ
ਕੰਤੂਗੀ ਪ੍ਰੀਤਾਂ ਨਾਲ।

ਦਿੱਲੀਓ ਰੰਗ ਮੰਗਵਾ ਦੇ
ਲਲਾਰੀ ਘਰ ਬਿਠ੍ਹਾ ਦੇ
ਜੱਗ ਘੁੰਮੂ ਚਰਖੇ ਨਾਲ
ਨੀ ਫੇਰ ਦੇਖੀ ਮਾਏ
ਕੰਤੂਗੀ ਪ੍ਰੀਤਾਂ ਨਾਲ।

ਮਾਹੀਂ ਨੂੰ ਘਰ ਮੰਗਵਾਦੇ
ਉਮਰਾਂ ਦੇ ਲਾਹਮੇ ਲਾਹਦੇ
ਮਿਆਣੀ ਪਵੇਗੀ ਧਮਾਲ
ਨੀ ਫਿਰ ਦੇਖੀ ਮੰਮੀ
ਕੰਤੂਗੀ ਪ੍ਰੀਤਾਂ ਨਾਲ।

## ਸਿਫਤਾਂ

ਸਾਡੇ ਵਿਹੜੇ ਆਈਆਂ ਨੂੰਹਾਂ
ਫੁੱਲਾਂ ਵਾਂਗ ਮੁਸਕਰਾਈਆਂ ਨੂੰਹਾਂ।

ਚਾਰ-ਚੁਫੇਰੇ ਚਹਿਕਾਂ-ਬਹਿਕਾਂ
ਸੱਸਾਂ ਨੇ ਗਲ਼ ਲਾਈਆਂ ਨੂੰਹਾਂ।

ਚੌਂਕਾਂ-ਚੁੱਲ੍ਹਾ ਸੰਭਾਲ ਲਿਆ ਜੀ
ਮੋਹ ਨਾਲ ਮਹਿਕਾਈਆਂ ਨੂੰਹਾਂ।

ਪੋਤਰੇ-ਪੋਤਰੀਆਂ ਝੂੰਮਣ ਲੱਗੇ
ਮਾਂਵਾਂ ਨੇ ਸਮਝਾਈਆਂ ਨੂੰਹਾਂ।

ਸਹੁਰਿਆਂ ਘਰ ਕਦਰਾਂ ਹੋਵਣ
ਬਾਬਲ ਘਰ ਛੱਡ ਆਈਆਂ ਨੂੰਹਾਂ।

ਧੀਆਂ ਕਦੇ ਨਾ ਮਾਰਿਓ ਲੋਕੋ
ਧੀਆਂ ਹੀ ਬਣ ਆਈਆਂ ਨੂੰਹਾਂ।

ਭਗਤਾ ਕਰੋ ਸ਼ੁਕਰਾਨਾ ਉਸਦਾ
ਪੁੱਤਾਂ ਨਾਲ ਵਿਆਹੀਆਂ ਨੂੰਹਾਂ।

## ਸੁਲ਼ਗਦੇ ਹਰਫ਼

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਨਾਲੀ 'ਚ ਪਈ
ਭਰੂਣ ਦੀ ਪੋਟਲੀ ਨੂੰ
ਸ਼ਾਇਦ ਹੋਰ ਭੈਣਾਂ ਦੀਆਂ
ਜ਼ਿੰਦਗੀਆਂ ਨੂੰ ਬਚਾ ਲਵੇ
ਇਨ੍ਹਾਂ ਹੱਤਿਆਰੇ ਲੋਕਾਂ ਤੋਂ।

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਦਾਜ ਲਈ
ਅੱਧ-ਸੜੀ ਨੂੰਹ ਰਾਣੀ ਨੂੰ
ਸ਼ਾਇਦ ਹੋਰ ਨੂੰਹਾਂ ਨੂੰ
ਸੜਨ ਤੋਂ ਬਚਾ ਲਵੇ
ਇਨ੍ਹਾਂ ਲਾਲਚੀ ਲੋਕਾਂ ਤੋਂ।

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਤੇਜ਼ਾਬ ਨਾਲ ਸੜੀ
ਭੋਲੀ ਜਿਹੀ ਕੁੜੀ ਨੂੰ
ਸ਼ਾਇਦ ਹੋਰ ਕੁੜੀਆਂ ਦੇ
ਚਿਹਰਿਆਂ ਨੂੰ ਬਚਾ ਲਵੇ
ਇਨ੍ਹਾਂ ਪੱਥਰ-ਦਿਲ ਲੋਕਾਂ ਤੋਂ।

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਡਾਲਰਾਂ ਦੀ ਉਜਾੜੀ
ਸੋਹਣੀ ਕੁੜੀ ਨੂੰ
ਸ਼ਾਇਦ ਹੋਰ ਭੈਣਾਂ ਦੇ
ਪਾਕ-ਰਿਸ਼ਤਿਆਂ ਨੂੰ ਬਚਾ ਸਕੇ
ਇਨ੍ਹਾਂ ਧਨਾਡ ਪ੍ਰਵਾਸੀਆਂ ਤੋਂ।

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਨਸ਼ਿਆਂ ਦੀ ਉਜਾੜੀ
ਬੇਕਸੂਰ ਅਬਲਾ ਨੂੰ
ਸ਼ਾਇਦ ਹੋਰ ਘਰਾਂ ਦੀ
ਖੁਸ਼ੀ ਨੂੰ ਬਚਾ ਸਕੇ
ਇਨ੍ਹਾਂ ਗੁੰਡੇ ਤੇ ਮਕਾਰੀ ਲੋਕਾਂ ਤੋਂ।

ਮਾਏ ਨੀ! ਮਾਏ
ਸੁਣ ਮੇਰੀਏ ਮਾਏ
ਇਹ ਸੁਲ਼ਗਦੇ ਹਰਫ਼ਾਂ ਦੀ ਕਿਤਾਬ
ਦੇ ਦੇਵੀਂ ਕਰਜ਼ੇ 'ਚ ਹੋਈ ਵਿਧਵਾ
ਬੇਸਹਾਰਾ ਤੇ ਕਰਜ਼ਾਈ ਅਬਲਾ ਨੂੰ
ਸ਼ਾਇਦ ਭਗਤਾ ਘਰਾਂ ਦੀ
ਖੁਸ਼ੀਆਂ ਨੂੰ ਬਚਾ ਸਕੇ
ਇਨ੍ਹਾਂ ਆੜਤੀ ਪਖੰਡੀ ਲੋਕਾਂ ਤੋਂ।